25-FEB-PAGE-1.qxd 2/24/2023 10:24 PM Page 1

ਸ਼ਨੀਵਾਰ, 25 ਫਰਵਰੀ, 2023
13 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 266

ਨਵਾਂ ਜ਼ਮਾਨਾ

DAILY NAWAN ZAMANA • SATURDAY, 25 FEBRUARY, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਲੀਕ ਹੋਣ ਕਰਕੇ ਅੰਗਰੇਜ਼ੀ ਦਾ ਪੇਪਰ ਨਹੀਂ ਲਿਆ

ਮੋਹਾਲੀ : ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸ਼ੁੱਕਰਵਾਰ ਹੋਣ ਵਾਲੀ ਬਾਰ੍ਹਵੀਂ ਸ਼੍ਰੇਣੀ ਦੇ ਅੰਗਰੇਜ਼ੀ ਲਾਜ਼ਮੀ ਵਿਸ਼ੇ ਦੀ ਪ੍ਰੀਖਿਆ ਐਨ ਮੌਕੇ 'ਤੇ ਮੁਲਤਵੀ ਕਰ ਦਿੱਤੀ। ਇਸ ਦੀ ਜਾਣਕਾਰੀ ਸਿੱਖਿਆ ਬੋਰਡ ਦੇ ਕੰਟਰੋਲਰ (ਪ੍ਰੀਖਿਆਵਾਂ) ਜੇ ਆਰ ਮਹਿਰੋਕ ਨੇ ਮੀਡੀਆ ਨਾਲ ਸਾਂਝੀ ਕੀਤੀ। ਸੂਤਰਾਂ ਅਨੁਸਾਰ ਪੇਪਰ ਲੀਕ ਹੋਣ ਕਾਰਨ ਪ੍ਰੀਖਿਆ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ। ਬੋਰਡ ਨੇ ਕਿਹਾ ਕਿ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 5:15 ਵਜੇ ਤੱਕ ਹੋਣ ਵਾਲੀ ਪ੍ਰੀਖਿਆ ਕੁੱਝ ਪ੍ਰਸ਼ਾਸਨਕ ਕਾਰਨਾਂ ਕਰਕੇ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ। ਅਗਲੀ ਤਰੀਕ ਬਾਰੇ ਸੰਬੰਧਤ ਪ੍ਰੀਖਿਆਰਥੀਆਂ ਅਤੇ ਪ੍ਰੀਖਿਆ ਅਮਲੇ ਨੂੰ ਬਾਅਦ 'ਚ ਸੂਚਿਤ ਕੀਤਾ ਜਾਵੇਗਾ।

ਤੇਲ ਸੋਧਕ ਕਾਰਖਾਨੇ 'ਚ ਅੱਗ

ਰਾਮਾ ਮੰਡੀ : ਨੇੜਲੇ ਪਿੰਡ ਫੁੱਲੋਖਾਰੀ 'ਚ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਦੇ ਅੰਦਰ ਨਵੇਂ ਬਣੇ ਪਲਾਂਟ 'ਚ ਸ਼ੁੱਕਰਵਾਰ ਸਵੇਰੇ 6 ਵਜੇ ਤੇਲ ਦਾ ਪੰਪ ਲੀਕ ਹੋਣ ਕਾਰਨ ਅੱਗ ਲੱਗ ਗਈ। ਕਾਰਖਾਨੇ ਦੇ ਮੀਡੀਆ ਇੰਚਾਰਜ ਪੰਕਜ ਵਿਨਾਇਕ ਨੇ ਦੱਸਿਆ ਕਿ ਅੱਗ 'ਤੇ ਜਲਦੀ ਕਾਬੂ ਪਾ ਲਿਆ ਗਿਆ ਤੇ ਕਿਸੇ ਵੀ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

ਤੂਫਾਨ ਦੀ ਰਿਹਾਈ ਦੇ ਹੁਕਮ

ਅਜਨਾਲਾ : ਸਥਾਨਕ ਅਦਾਲਤ ਨੇ ਸ਼ੁੱਕਰਵਾਰ 'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਹਿਯੋਗੀ ਲਵਪ੍ਰੀਤ ਸਿੰਘ ਉਰਫ ਤੂਫਾਨ ਨੂੰ ਅਗਵਾ ਦੇ ਕੇਸ 'ਚ ਰਿਹਾਅ ਕਰਨ ਦੇ ਹੁਕਮ ਦਿੱਤੇ। ਅੰਮ੍ਰਿਤਸਰ ਬਾਰਡਰ ਰੇਂਜ ਦੇ ਇੰਸਪੈਕਟਰ ਜਨਰਲ ਮੋਨੀਸ਼ ਚਾਵਲਾ ਨੇ ਦੱਸਿਆ ਕਿ ਅਦਾਲਤ ਨੇ ਰਿਹਾਈ ਦੀ ਅਰਜ਼ੀ ਸਵੀਕਾਰ ਕਰ ਲਈ ਹੈ ਅਤੇ ਲਵਪ੍ਰੀਤ ਸਿੰਘ ਨੂੰ ਰਿਹਾਅ ਕੀਤਾ ਜਾ ਰਿਹਾ ਹੈ।

ਬਲਿੰਕਨ ਭਾਰਤ ਆਉਣਗੇ

ਵਾਸ਼ਿੰਗਟਨ : ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਜੀ-20 ਵਿਦੇਸ਼ ਮੰਤਰੀਆਂ ਦੀ ਮੀਟਿੰਗ 'ਚ ਸ਼ਾਮਲ ਹੋਣ ਲਈ ਇਕ ਮਾਰਚ ਨੂੰ ਭਾਰਤ ਜਾਣਗੇ। ਭਾਰਤ ਨੇ ਪਿਛਲੇ ਸਾਲ 1 ਦਸੰਬਰ ਨੂੰ ਜੀ-20 ਦੀ ਪ੍ਰਧਾਨਗੀ ਸੰਭਾਲੀ ਸੀ।

ਜ਼ੀ ਐਂਟਰਟੇਨਮੈਂਟ ਨੂੰ ਰਾਹਤ

ਮੁੰਬਈ : ਨੈਸ਼ਨਲ ਕੰਪਨੀ ਲਾਅ ਅਪੀਲੀ ਟ੍ਰਿਬਿਊਨਲ ਨੇ ਮੀਡੀਆ ਕੰਪਨੀ ਜ਼ੀ ਐਂਟਰਟੇਨਮੈਂਟ ਐਂਟਰਪ੍ਰਾਈਜ਼ਿਜ਼ ਲਿਮਟਿਡ ਖਿਲਾਫ ਦੀਵਾਲੀਆਪਨ ਦੀ ਕਾਰਵਾਈ 'ਤੇ ਰੋਕ ਲਾ ਦਿੱਤੀ ਹੈ। ਜ਼ੀ ਐਂਟਰਟੇਨਮੈਂਟ ਦੇ ਐੱਮ ਡੀ ਅਤੇ ਸੀ ਈ ਓ ਪੁਨੀਤ ਗੋਇਨਕਾ ਵੱਲੋਂ ਦਾਇਰ ਪਟੀਸ਼ਨ ਨੂੰ ਮਨਜ਼ੂਰ ਕਰਦਿਆਂ ਟ੍ਰਿਬਿਊਨਲ ਦੀ ਦੋ ਮੈਂਬਰੀ ਬੈਂਚ ਨੇ ਟ੍ਰਿਬਿਊਨਲ ਦੀ ਮੁੰਬਈ ਬੈਂਚ ਦੇ ਆਦੇਸ਼ 'ਤੇ ਰੋਕ ਲਗਾਈ।

ਮਾਹਵਾਰੀ ਦੌਰਾਨ ਛੁੱਟੀ ਬਾਰੇ ਪਟੀਸ਼ਨ 'ਤੇ ਸੁਣਵਾਈ ਤੋਂ ਨਾਂਹ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਮਾਹਵਾਰੀ ਦੌਰਾਨ ਵਿਦਿਆਰਥਣਾਂ ਅਤੇ ਕੰਮਕਾਜੀ ਔਰਤਾਂ ਲਈ ਛੁੱਟੀ ਮੰਗਣ ਵਾਲੀ ਜਨਹਿੱਤ ਪਟੀਸ਼ਨ 'ਤੇ ਸ਼ੁੱਕਰਵਾਰ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਬੈਂਚ ਨੇ ਕਿਹਾ ਕਿ ਜੇ ਮੰਗ ਮੰਨੀ ਜਾਂਦੀ ਹੈ ਤਾਂ ਮਾਲਕ ਮਹਿਲਾਵਾਂ ਨੂੰ ਕੰਮ 'ਤੇ ਰੱਖਣ ਤੋਂ ਕਤਰਾ ਸਕਦੇ ਹਨ। ਇਹ ਮੁੱਦਾ ਸਰਕਾਰ ਦੀ ਪਾਲਿਸੀ ਦੇ ਦਾਇਰੇ ਵਿਚ ਆਉਂਦਾ ਹੈ ਤੇ ਇਸ ਬਾਰੇ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਹੀ ਫੈਸਲਾ ਕਰ ਸਕਦਾ ਹੈ।

ਬਰਖਾਸਤ ਡੀ ਐੱਸ ਪੀ ਬਲਵਿੰਦਰ ਸੇਖੋਂ ਨੂੰ ਸਜ਼ਾ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਬਰਖਾਸਤ ਡੀ ਐੱਸ ਪੀ ਬਲਵਿੰਦਰ ਸਿੰਘ ਸੇਖੋਂ ਅਤੇ ਪ੍ਰਦੀਪ ਸ਼ਰਮਾ ਨੂੰ 6 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਭਾਰੀ ਸੁਰੱਖਿਆ ਵਿਚਾਲੇ ਸੇਖੋਂ ਤੇ ਸ਼ਰਮਾ ਨੂੰ ਕੋਰਟ ਵਿਚ ਪੇਸ਼ ਕੀਤਾ ਗਿਆ, ਜਿੱਥੇ ਜੱਜ ਤੋਂ ਉਨ੍ਹਾਂ ਨੇ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਕੋਰਟ ਨੇ ਸੇਖੋਂ ਅਤੇ ਉਸ ਦੇ ਸਾਥੀ ਪ੍ਰਦੀਪ ਸ਼ਰਮਾ ਨੂੰ 6-6 ਮਹੀਨੇ ਦੀ ਕੈਦ ਦੀ ਸਜ਼ਾ ਦੇ ਨਾਲ ਹੀ ਦੋ-ਦੋ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾ ਦਿੱਤੀ। ਸੇਖੋਂ 'ਤੇ ਡਰੱਗ ਮਾਮਲੇ ਵਿਚ ਅਦਾਲਤ ਖਿਲਾਫ ਸਖ਼ਤ ਟਿੱਪਣੀਆਂ ਕਰਨ ਦਾ ਦੋਸ਼ ਹੈ। ਸੇਖੋਂ ਅਤੇ ਉਸ ਦੇ ਸਾਥੀ ਨੂੰ ਹੱਤਕ ਅਦਾਲਤ ਦੇ ਦੋਸ਼ ਵਿਚ ਬੀਤੇ ਦਿਨੀਂ ਲੁਧਿਆਣਾ ਪੁਲਸ ਨੇ ਗ੍ਰਿਫ਼ਤਾਰ ਕੀਤਾ ਸੀ।

ਰੰਗਦਾਰ ਵਿਸ਼ੇਸ਼ ਸਪਲੀਮੈਂਟ

ਸ੍ਰੀ ਚੋਲਾ ਸਾਹਿਬ ਦੇ ਸਾਲਾਨਾ ਜੋੜ ਮੇਲੇ 'ਤੇ **ਡੇਰਾ ਬਾਬਾ ਨਾਨਕ** 2 ਸਫਿਆਂ ਦਾ ਵਿਸ਼ੇਸ਼ ਸਪਲੀਮੈਂਟ 3 ਮਾਰਚ ਦਿਨ ਸ਼ੁੱਕਰਵਾਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਰਮੇਸ਼ ਸ਼ਰਮਾ** ਨਾਲ ਮੋਬਾਇਲ ਨੰਬਰ 98146-30794 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

ਕੋਟਕਪੂਰਾ ਗੋਲੀਕਾਂਡ 'ਚ ਸੁਖਬੀਰ ਬਾਦਲ, ਸੈਣੀ ਸਾਜ਼ਿਸ਼ਘਾੜੇ ਤੇ ਵੱਡੇ ਬਾਦਲ ਮਦਦਗਾਰ ਕਰਾਰ

ਸਾਜ਼ਿਸ਼ ਰਚਣ ਵਾਲਿਆਂ ਦੇ ਚਿਹਰੇ ਬੇਨਕਾਬ : ਮਾਨ

7 ਹਜ਼ਾਰ ਸਫਿਆਂ ਦੀ ਚਾਰਜਸ਼ੀਟ ਦਾਖ਼ਲ

ਚੰਡੀਗੜ੍ਹ : ਕੋਟਕਪੂਰਾ ਗੋਲੀਬਾਰੀ ਮਾਮਲੇ 'ਚ ਏ ਡੀ ਜੀ ਪੀ ਐੱਲ ਕੇ ਯਾਦਵ ਦੀ ਅਗਵਾਈ ਵਾਲੀ ਸਿਟ ਨੇ ਫਰੀਦਕੋਟ ਦੀ ਅਦਾਲਤ ਵਿੱਚ ਸ਼ੁੱਕਰਵਾਰ 7 ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕਰ ਦਿੱਤੀ। ਜਾਣਕਾਰੀ ਅਨੁਸਾਰ ਇਸ ਮਾਮਲੇ 'ਚ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੇ ਨਾਂਅ ਵੀ ਸ਼ਾਮਲ ਦੱਸੇ ਜਾ ਰਹੇ ਹਨ। ਉਨ੍ਹਾਂ ਖ਼ਿਲਾਫ਼ 307, 120 ਸਮੇਤ ਵੱਖ-ਵੱਖ ਧਾਰਾਵਾਂ ਲਗਾਈਆਂ ਗਈਆਂ ਹਨ। ਚਲਾਨ ਅਨੁਸਾਰ, ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਅਤੇ ਸੁਖਬੀਰ ਸਿੰਘ ਬਾਦਲ ਸਾਬਕਾ ਗ੍ਰਹਿ ਮੰਤਰੀ, ਦੋਵੇਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਗੁਰਦੁਆਰਾ ਸਾਹਿਬ ਬਰਗਾੜੀ ਵਿਖੇ ਬੇਅਦਬੀ ਦੀਆਂ ਘਟਨਾਵਾਂ ਦੀ ਲੜੀ 'ਤੇ ਅਣਗਹਿਲੀ ਨੂੰ ਛੁਪਾਉਣ ਲਈ ਗੈਰ-ਕਾਨੂੰਨੀ ਅਤੇ ਵਾਧੂ ਤਾਕਤ ਦੀ ਵਰਤੋਂ ਕਰਨ ਦੀ ਸਾਜ਼ਿਸ਼ ਦੇ ਮਾਸਟਰਮਾਈਂਡ ਹਨ। ਇਸ ਤੋਂ ਇਲਾਵਾ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਨੂੰ ਵੀ ਸਾਜ਼ਿਸ਼ ਨੂੰ ਅੰਜਾਮ ਦੇਣ ਵਿੱਚ ਮਦਦ ਕਰਨ ਦੇ ਦੋਸ਼ 'ਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਆਈ ਜੀ ਪਰਮ ਰਾਜ ਉਮਰਾਨੰਗਲ (ਸਾਜ਼ਿਸ਼ ਨੂੰ ਅੰਜਾਮ), ਡੀ ਆਈ ਜੀ ਅਮਰ ਸਿੰਘ ਚਾਹਲ (ਸਾਜ਼ਿਸ਼ ਨੂੰ ਅੰਜਾਮ), ਐਸ ਐਸ ਪੀ ਸੁਖਮੰਦਰ ਸਿੰਘ ਮਾਨ (ਸਾਜ਼ਿਸ਼ ਨੂੰ ਅੰਜਾਮ ਦੇਣਾ/ ਤੋੜ-ਮਰੋੜ ਕੇ ਤੱਥਾਂ ਨੂੰ ਛੁਪਾਉਣਾ),ਐਸ ਐਸ ਪੀ ਚਰਨਜੀਤ ਸਿੰਘ (ਸਾਜਿਸ਼ ਨੂੰ ਅੰਜਾਮ), ਐਸ ਐਚ ਓ ਗੁਰਦੀਪ ਸਿੰਘ (ਤੱਥਾਂ ਨੂੰ ਤੋੜ-ਮਰੋੜ ਕੇ ਛੁਪਾਉਣਾ), ਮਨਤਾਰ ਸਿੰਘ ਬਰਾੜ ਸਾਬਕਾ ਅਕਾਲੀ ਵਿਧਾਇਕ ਕੋਟਕਪੂਰਾ ਦੇ ਨਾਂਅ ਸ਼ਾਮਲ ਹਨ। ਇਸ ਚਾਰਜਸ਼ੀਟ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਿਆਨ ਦਿੱਤਾ ਹੈ ਕਿ ਇਹ ਸਭ ਕੁਝ ਇੱਕ ਸਾਜ਼ਿਸ਼ ਦੇ ਤਹਿਤ ਕੀਤਾ ਗਿਆ ਹੈ। ਬੀਤੇ ਸੱਤ ਸਾਲਾਂ ਤੋਂ ਇਨ੍ਹਾਂ ਦਾ ਇੱਕ ਹੀ ਮਕਸਦ ਰਿਹਾ ਹੈ ਕਿ ਬਾਦਲ ਪਰਵਾਰ ਨੂੰ ਨਿਸ਼ਾਨਾ ਬਣਾਇਆ ਜਾਵੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜਿਸ ਸਮੇਂ ਇਹ ਘਟਨਾ ਵਾਪਰੀ ਸੀ ਉਹ ਚੰਡੀਗੜ੍ਹ ਨਹੀਂ ਸਨ, ਉਨ੍ਹਾਂ ਨੇ ਚੈਲੰਜ ਕੀਤਾ ਕਿ ਕੋਈ ਵੀ ਇਹ ਸਾਬਤ ਕਰ ਦੇਵੇ ਕਿ ਮੇਰੀ ਇਸ ਮਾਮਲੇ 'ਚ ਸ਼ਮੂਲੀਅਤ ਸੀ ਮੇਰੀ ਕਿਸੇ ਵੀ ਨਾਲ ਮੋਬਾਇਲ 'ਤੇ ਗੱਲ ਹੋਈ ਹੋਵੇ ਮੈਂ ਤਾਂ ਪੰਜਾਬ ਤੋਂ ਬਾਹਰ ਸੀ, ਉਨ੍ਹਾਂ ਕਿਹਾ ਕਿ ਝੂਠ ਤਾਂ ਝੂਠ ਹੀ ਹੁੰਦਾ ਹੈ ਸਾਨੂੰ ਕੋਈ ਪਰਵਾਹ ਨਹੀਂ। ਸੁਖਬੀਰ ਬਾਦਲ ਨੇ ਇਸ ਕਾਰਵਾਈ ਨੂੰ ਰਾਜਨੀਤਕ ਦੱਸਿਆ ਹੈ। ਜ਼ਿਕਰਯੋਗ ਹੈ ਕਿ ਸਾਲ 2015 ਵਿੱਚ ਫਰੀਦਕੋਟ ਨੇ ਬੁਰਜ ਜਵਾਹਰ ਸਿੰਘ ਵਾਲਾ ਗੁਰਦੁਆਰੇ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੋਰੀ ਹੋਏ ਸਨ ਅਤੇ ਕਈ ਮਹੀਨਿਆਂ ਬਾਅਦ ਅੰਗ ਨਜ਼ਦੀਕੀ ਪਿੰਡ ਬਰਗਾੜੀ ਤੋਂ ਬਰਾਮਦ ਹੋਏ ਸਨ। ਜਿਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਕਰ ਰਹੇ ਪ੍ਰਦਰਸ਼ਨਕਾਰੀਆਂ ਦੇ ਉੱਪਰ ਪੁਲਸ ਦੇ ਵੱਲੋਂ ਪਿੰਡ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਖੇ ਗੋਲੀ ਚਲਾਈ ਗਈ ਸੀ।

ਬਹਿਬਲ ਕਲਾਂ ਗੋਲੀਕਾਂਡ ਦੇ ਵਿੱਚ ਦੋ ਪ੍ਰਦਰਸ਼ਨਕਾਰੀ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਕੋਟਕਪੂਰਾ ਵਿਖੇ ਗੋਲੀ ਦੀ ਘਟਨਾ ਲਈ ਏ ਡੀ ਜੀ ਪੀ ਐੱਲ ਕੇ ਯਾਦਵ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ ਜਿਸ ਦੇ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰਦਿਆਂ ਕਿਹਾ—ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਅਤੇ ਸਾਜ਼ਿਸ਼ ਰਚਣ ਵਾਲਿਆਂ ਦੇ ਚਿਹਰੇ ਹੋਏ ਬੇਨਕਾਬ। ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਸਕੂਨ ਮਿਲੇਗਾ। ਅਸੀਂ ਇਨਸਾਫ ਦਿਵਾਉਣ ਦੇ ਵਾਅਦੇ 'ਤੇ ਕਾਇਮ ਹਾਂ। ਮੰਤਰੀ ਜਾਂ ਸੰਤਰੀ ਕਾਨੂੰਨ ਸਭ ਲਈ ਇੱਕ ਹੈ। ਸੱਚ ਕਦੇ ਛੁਪਦਾ ਨਹੀਂ।

ਹੁਣ ਉਦਯੋਗਪਤੀਆਂ ਨਾਲ ਮੈਮੋਰੰਡਮ ਆਫ ਦਿਲ ਸੇ : ਮਾਨ

ਮੁਹਾਲੀ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸੂਬੇ ਵਿੱਚ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮ ਓ ਯੂ) ਦਾ ਸਮਾਂ ਹੁਣ ਬੀਤ ਚੁੱਕਾ ਹੈ ਅਤੇ ਪੰਜਾਬ 'ਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਸੂਬਾ ਸਰਕਾਰ ਉਦਯੋਗਪਤੀਆਂ ਨਾਲ ਨਿਵੇਸ਼ ਲਈ ਮੈਮੋਰੰਡਮ ਆਫ ਦਿਲ ਸੇ (ਐਮ ਓ ਡੀ ਐਸ) ਕਰੇਗੀ। ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਦੇ ਦੂਜੇ ਦਿਨ ਸਮਾਪਤੀ ਮੌਕੇ ਉਦਯੋਗਪਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਐਮ ਓ ਡੀ ਐਸ ਸਿੱਧੇ ਤੌਰ 'ਤੇ ਦਿਲੋਂ ਕੀਤਾ ਪਵਿੱਤਰ ਸਮਝੌਤਾ ਹੈ ਅਤੇ ਪੰਜਾਬ ਨੂੰ ਉਦਯੋਗਿਕ ਖੇਤਰ 'ਚ ਮੋਹਰੀ ਸੂਬਾ ਬਣਾਉਣ ਲਈ ਆਪਸ ਵਿੱਚ ਪੂਰਨ ਵਿਸ਼ਵਾਸ ਅਤੇ ਉਤਸ਼ਾਹ ਹੋਣਾ ਲਾਜ਼ਮੀ ਹੈ। ਉਨ੍ਹਾ ਕਿਹਾ ਕਿ ਸਨਅਤਕਾਰਾਂ ਦੀ ਬਾਂਹ ਮਰੋੜ ਕੇ ਜ਼ਬਰਦਸਤੀ ਸਮਝੌਤੇ ਕਰਨ ਦੀ ਪਹਿਲੀ ਪ੍ਰਥਾ ਹੁਣ ਖਤਮ ਹੋ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਅੱਜ ਸੂਬੇ 'ਚ ਵੱਡੇ ਪੱਧਰ 'ਤੇ ਉਦਯੋਗੀਕਰਨ ਨੂੰ ਯਕੀਨੀ ਬਣਾਉਣ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਸੰਮੇਲਨ ਵਿੱਚ ਹਿੱਸਾ ਲੈਣ ਵਾਲੇ ਲੋਕ ਸੂਬੇ ਦੇ ਸਮਾਜਕ-ਆਰਥਕ ਵਿਕਾਸ ਵਿੱਚ ਭਾਈਵਾਲ ਬਣਨ ਲਈ ਆਪਣੇ ਬਲਬੂਤੇ ਆਏ ਹਨ। ਉਨ੍ਹਾ ਕਿਹਾ ਕਿ ਕੰਪਨੀਆਂ ਆਪਣੇ ਟੀਚੇ ਅਨੁਸਾਰ ਸੂਬੇ ਵਿੱਚ ਵਿਸਤਾਰ ਦੀਆਂ ਸੰਭਾਵਨਾਵਾਂ ਤਲਾਸ਼ ਰਹੀਆਂ ਹਨ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਵਿੱਚ ਤਰੱਕੀ ਅਤੇ ਖੁਸ਼ਹਾਲੀ ਆਵੇਗੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਉਦਯੋਗ ਨੂੰ ਹੋਰ ਹੁਲਾਰਾ ਦੇਣ ਲਈ ਹਰ ਸਾਲ ਸੂਬਾ ਸਰਕਾਰ ਵੱਲੋਂ ਵਿੱਤੀ ਸਾਲ ਦੀ ਹਰ ਤਿਮਾਹੀ ਵਿੱਚ ਵੱਖ ਵੱਖ ਖੇਤਰਾਂ 'ਤੇ ਅਧਾਰਤ ਸੰਮੇਲਨ ਕਰਵਾਏ ਜਾਣਗੇ। ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਉਦਯੋਗਪਤੀਆਂ ਨੂੰ ਸੂਬੇ ਵਿੱਚ ਬਿਤਾਏ ਗਏ ਸਮੇਂ ਦਾ ਯਾਦਗਾਰੀ ਤਜਰਬਾ ਹਾਸਲ ਹੋਵੇਗਾ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਸੂਬੇ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਜਿਵੇਂ ਕਿ ਵਪਾਰ ਕਰਨ ਵਿੱਚ ਸੌਖ ਅਤੇ ਸਭ ਤੋਂ ਅਨੁਕੂਲ ਵਪਾਰਕ ਮਾਹੌਲ ਦੇ ਤਜਰਬੇ ਨੂੰ ਦੂਜੇ ਸੂਬਿਆਂ ਵਿੱਚ ਆਪਣੇ ਸਾਥੀਆਂ ਤੱਕ ਪਹੁੰਚਾਉਣ ਲਈ ਸੂਬੇ ਦੇ ਦੂਤ ਬਣਨ ਲਈ ਕਿਹਾ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਨੂੰ ਦੇਸ਼ ਦਾ ਉਦਯੋਗਿਕ ਧੁਰਾ ਬਣਾਉਣ ਲਈ ਇਸ ਵਿੱਚ ਵੱਧ ਤੋਂ ਵੱਧ ਨਿਵੇਸ਼ ਨੂੰ ਯਕੀਨੀ ਬਣਾਉਣਾ ਹੈ। ਮੁੱਖ ਮੰਤਰੀ ਨੇ ਇਨਵੈਸਟ ਪੰਜਾਬ ਨੂੰ ਇਸ ਸਮਾਗਮ ਦੀ ਸਫਲਤਾ ਲਈ ਵਧਾਈ ਵੀ ਦਿੱਤੀ। ਉਨ੍ਹਾ ਡਿਪਟੀ ਕਮਿਸ਼ਨਰਾਂ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਨੇ ਇਸ ਸਮਾਗਮ ਨੂੰ ਵੱਡੀ ਪੱਧਰ 'ਤੇ ਸਫਲ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਸਖਤ ਮਿਹਨਤ ਕੀਤੀ। ਭਗਵੰਤ ਮਾਨ ਨੇ ਸੂਬੇ ਵਿੱਚ ਨਿਵੇਸ਼ ਕਰਨ

25-FEB-PAGE-1.qxd 2/24/2023 10:24 PM Page 2

ਵੱਖ ਵੱਖ ਸੰਸਥਾਵਾਂ ਨੇ ਸਾਂਝੇ ਤੌਰ 'ਤੇ ਮਨਾਇਆ ਕੌਮਾਂਤਰੀ ਮਾਤ ਭਾਸ਼ਾ ਦਿਵਸ

ਮੋਗਾ (ਅਮਰਜੀਤ ਬੱਬਰੀ)-ਕੇਂਦਰੀ ਲੇਖਕ ਸਭਾ (ਸੋਖੋਂ) ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਜ਼ਿਲ੍ਹੇ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਸਾਂਝੇ ਤੌਰ 'ਤੇ ਕੌਮਾਂਤਰੀ ਮਾਤ ਭਾਸ਼ਾ ਦਿਵਸ ਨੇਚਰ ਪਾਰਕ ਮੋਗਾ ਵਿਖੇ ਮਨਾਇਆ ਗਿਆ। ਇਸ ਵਿਸ਼ੇ ਸਬੰਧੀ ਬੋਲਦਿਆਂ ਜਸਵੀਰ ਕਲਸੀ ਧਰਮਕੋਟ ਨੇ ਕਿਹਾ ਕਿ ਅਮਲੀ ਤੌਰ 'ਤੇ ਮਾਂ ਬੋਲੀ ਦੇ ਪ੍ਰਚਾਰ/ਪ੍ਰਸਾਰ ਦਾ ਯਤਨ ਕਰਨੇ ਚਾਹੀਦੇ ਹਨ। ਗੁਰਮੇਲ ਬੌਡੇ ਤੇ ਜੰਗੀਰ ਖੋਖਰ ਨੇ ਕਿਹਾ ਸਰਕਾਰ ਨੂੰ ਪੰਜਾਬੀ ਲਾਗੂ ਕਰਨ ਲਈ ਸਖਤੀ ਵਰਤਣੀ ਚਾਹੀਦੀ ਹੈ। ਡਾਕਟਰ ਸਰਬਜੀਤ ਬਰਾੜ ਦਿਲਬਾਗ ਬੁੱਕਣਵਾਲਾ ਤੇ ਸੰਜੀਵ ਸੈਣੀ ਦੇ ਵਿਚਾਰ ਸੁਣ ਕੇ ਕਿਹਾ ਕਿ ਮਾਂ ਹੀ ਬੱਚੇ ਨੂੰ ਮਾਂ ਬੋਲੀ ਬਾਰੇ ਜ਼ਿਆਦਾ ਪ੍ਰੇਰਿਤ ਕਰ ਸਕਦੀ ਹੈ। ਡਾ. ਸੁਰਜੀਤ ਬਰਾੜ ਤੇ ਬਲਦੇਵ ਸੜਕਨਾਮਾ ਨੇ ਮਾਂ ਬੋਲੀ ਪੰਜਾਬੀ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਪ੍ਰਧਾਨ ਅਸ਼ੋਕ, ਅਵਤਾਰ ਸਿੱਧੂ, ਵਰਿੰਦਰ ਰੋਹੀ ਨੇ ਦੁਕਾਨਦਾਰਾਂ, ਦਫਤਰਾਂ ਤੇ ਸੰਸਥਾਵਾਂ ਨੂੰ ਬੋਰਡ ਤੇ ਫਲੈਕਸ ਪੰਜਾਬੀ ਭਾਸ਼ਾ ਵਿੱਚ ਲਿਖਣ ਲਈ ਪ੍ਰੇਰਿਤ ਕੀਤਾ। ਹੋਰਨਾਂ ਤੋਂ ਇਲਾਵਾ ਮੋਹੀ ਅਮਰਜੀਤ, ਹਰਪ੍ਰੀਤ, ਮਾਸਟਰ ਪ੍ਰੇਮ ਕੁਮਾਰ ਤੇ ਭੁਪਿੰਦਰ ਜੋਗੇਵਾਲਾ ਨੇ ਵੀ ਆਪਣੇ-ਆਪਣੇ ਵਿਚਾਰ ਰੱਖੇ।

ਹਲਕਾ ਵਿਧਾਇਕ ਕਾਕਾ ਬਰਾੜ ਨੇ ਸੁਵਿਧਾ ਕੈਂਪ ਦੀ ਕੀਤੀ ਪ੍ਰਧਾਨਗੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਪੰਜਾਬ ਸਰਕਾਰ ਤੁਹਾਡੇ ਦਵਾਰ ਲੜੀ ਤਹਿਤ ਮੰਡੀ ਬਰੀਵਾਲਾ ਵਿਖੇ ਸੁਵਿਧਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੀ ਪ੍ਰਧਾਨਗੀ ਸ. ਜਗਦੀਪ ਸਿੰਘ ਕਾਕਾ ਬਰਾੜ ਐੱਮ.ਐੱਲ.ਏ. ਸ੍ਰੀ ਮੁਕਤਸਰ ਸਾਹਿਬ ਨੇ ਕੀਤੀ। ਇਸ ਮੌਕੇ ਸ੍ਰੀ ਕੰਵਰਜੀਤ ਸਿੰਘ ਐੱਸ.ਡੀ.ਐੱਮ. ਸ੍ਰੀ ਮੁਕਤਸਰ ਸਾਹਿਬ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ। ਇਸ ਮੌਕੇ ਹਲਕਾ ਵਿਧਾਇਕ ਨੇ ਕਿਹਾ ਕਿ ਮੰਡੀ ਬਰੀਵਾਲਾ ਦੇ ਲੋਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਤੋਂ ਇਲਾਵਾ ਸੀਵਰੇਜ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵਲੋਂ ਉਚ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਕੈਂਪ ਵਿੱਚ ਨਗਰ ਪੰਚਾਇਤ ਮੰਡੀ ਬਰੀਵਾਲਾ ਦੇ ਲੋੜਵੰਦ ਵਸਨੀਕਾਂ ਨੇ ਵੀ ਭਾਗ ਲਿਆ ਤੇ ਆਪਣੀਆਂ ਜਾਇਜ਼ ਸਮੱਸਿਆਵਾਂ ਦੇ ਹੱਲ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਣੂੰ ਕਰਵਾਇਆ। ਇਸ ਮੌਕੇ ਐੱਸ.ਡੀ.ਐੱਮ. ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਬਿਹਤਰੀ ਲਈ, ਜੋ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ, ਇਨ੍ਹਾਂ ਕੈਂਪਾਂ ਦਾ ਜ਼ਰੂਰ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਬੁਢਾਪਾ ਪੈਨਸ਼ਨ, ਅੰਗਹੀਣ ਪੈਨਸ਼ਨ, ਸ਼ਗਨ ਸਕੀਮ ਤੇ ਲਾਭਪਾਤਰੀ ਨਾਲ ਸਬੰਧਤ ਫਾਰਮ ਵੀ ਭਰੇ ਗਏ।

ਸੀਮਾ ਸੁਰੱਖਿਆ ਬਲ ਵੱਲੋਂ ਮਸਤਾ ਗੱਟੀ ਵਿਖੇ ਮੁਫਤ ਮੈਡੀਕਲ ਕੈਂਪ

ਮਮਦੋਟ (ਹਰਪਾਲ ਸਿੰਘ ਸੋਢੀ)-ਸੀਮਾ ਸੁਰੱਖਿਆ ਬਲ ਦੀ 182 ਬਟਾਲੀਅਨ (ਜਲਾਲਾਬਾਦ ਸੈਕਟਰ ਹੈੱਡਕੁਆਰਟਰ) ਦੇ ਕਮਾਂਡੈਂਟ ਸ੍ਰੀ ਰਾਜੇਸ਼ ਵਰਮਾ ਦੀ ਦੇਖ-ਰੇਖ ਹੇਠ ਬਲਾਕ ਮਮਦੋਟ ਦੇ ਸਰਹੱਦੀ ਪਿੰਡ ਮਸਤਾ ਗੱਟੀ ਵਿਖੇ ਮੁਫਤ ਮੈਡੀਕਲ ਕੈਂਪ ਲਾਇਆ ਗਿਆ। ਮੈਡੀਕਲ ਕੈਂਪ ਵਿੱਚ ਸਰਹੱਦੀ ਪਿੰਡਾਂ ਮਸਤਾਂ ਗੱਟੀ, ਚੱਕ ਦੋਨਾ ਰਹੀਮੇ ਕੇ, ਗੱਟੀ ਹਯਾਤ, ਰਹੀਮੇ ਕੇ ਉਤਾੜ, ਛਾਂਗਾ ਖੁਰਦ, ਪੋਜੋ ਕੇ ਉਤਾੜ ਆਦਿ ਪਿੰਡਾਂ ਦੇ ਲੋਕ, ਬਜ਼ੁਰਗ, ਔਰਤਾਂ ਤੇ ਬੱਚੇ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੇ ਇਸ ਫ੍ਰੀ ਮੈਡੀਕਲ ਕੈਂਪ ਵਿੱਚ ਪਹੁੰਚ ਕੇ ਆਪਣੀ ਜਾਂਚ ਕਰਵਾਈ, ਜਿਸ ਵਿੱਚ ਡਾ. ਨਿਤਿਨ ਅਰੋੜਾ ਈ.ਐੱਨ.ਟੀ. ਮਾਹਰ ਸਰਕਾਰੀ ਸਿਵਲ ਹਸਪਤਾਲ ਜਲਾਲਾਬਾਦ, ਡਾ. ਸੁਬਰਤ ਦੇਬਨਾਥ ਏ.ਸੀ./ਐੱਮ.ਓ. 52 ਬੀ.ਐੱਸ.ਐੱਫ. ਤੇ ਬਟਾਲੀਅਨ ਦੇ ਮੈਡੀਕਲ ਸਟਾਫ ਨੇ ਮੁਫਤ ਮੈਡੀਕਲ ਕੈਂਪ ਦੌਰਾਨ ਕੁੱਲ 205 ਲੋਕਾਂ ਦੀ ਜਾਂਚ ਕਰਕੇ ਦਵਾਈਆਂ ਦਿੱਤੀਆਂ। ਸਥਾਨਕ ਪਿੰਡ ਵਾਸੀਆਂ ਨੇ ਸੀਮਾ ਸੁਰੱਖਿਆ ਬਲ ਦਾ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਫਰੀ ਮੈਡੀਕਲ ਸੇਵਾ ਲਈ ਤਹਿ ਦਿਲੋਂ ਧੰਨਵਾਦ ਕੀਤਾ। ਬੀ.ਐੱਸ ਐੱਫ ਅਧਿਕਾਰੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਅੱਗੇ ਤੋਂ ਵੀ ਸਰਹੱਦੀ ਲੋੜਵੰਦ ਲੋਕਾਂ ਦੀ ਭਲਾਈ ਲਈ ਫ਼ੌਜ ਵੱਲੋਂ ਲੋਕ ਭਲਾਈ ਦੇ ਕਾਰਜ ਜਾਰੀ ਰਹਿਣਗੇ।

ਹਾਰਵਰਡ ਕਾਨਵੈਂਟ ਸਕੂਲ 'ਚ ਸਪੋਰਟਸ ਮੀਟ ਦੇ ਜੇਤੂਆਂ ਨੂੰ ਵੰਡੇ ਇਨਾਮ

ਬਾਘਾ ਪੁਰਾਣਾ (ਮਨੀ ਸਿੰਗਲਾ)-ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਚ ਸਾਲਾਨਾ ਸਪੋਰਟਸ ਮੀਟ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਇਸ ਸਮਾਗਮ ਦੌਰਾਨ ਸਕੂਲ ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ, ਚੇਅਰਮੈਨ ਨਵਦੀਪ ਸਿੰਘ ਬਰਾੜ ਅਤੇ ਪ੍ਰਿੰਸੀਪਲ ਮੈਡਮ ਨਿਧੀ ਬਰਾੜ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਅਤੇ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਵਰਨਣਯੋਗ ਹੈ ਕਿ ਪਿਛਲੇ ਦਿਨਾਂ ਦੌਰਾਨ ਸਕੂਲ ਵਿੱਚ ਸਾਲਾਨਾ ਖੇਡ ਮੇਲਾ ਕਰਾਇਆ ਗਿਆ ਸੀ, ਜਿਸ ਵਿੱਚ ਬੱਚਿਆਂ ਨੇ ਬੜੀ ਤਿਆਰੀ ਅਤੇ ਉਤਸ਼ਾਹ ਨਾਲ ਭਾਗ ਲਿਆ ਸੀ ਅਤੇ ਚੰਗੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਸਨ। ਇਸ ਸਮੇਂ ਸਕੂਲ ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ ਨੇ ਬੱਚਿਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਵਿਚ ਖੇਡਾਂ ਦਾ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ। ਇਕ ਨਰੋਏ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਵੀ ਵਧ-ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਦਿਆਰਥੀ ਜਿੱਥੇ ਪੜ੍ਹਾਈ ਵਿੱਚ ਉੱਚੇ ਮੁਕਾਮ ਹਾਸਲ ਕਰਦੇ ਹਨ, ਉਥੇ ਖੇਡਾਂ ਦੇ ਖੇਤਰ ਵਿਚ ਵੀ ਖੂਬ ਨਾਮਣਾ ਖੱਟ ਰਹੇ ਹਨ। ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਦੂਜੇ ਵਿਦਿਆਰਥੀਆਂ ਨੂੰ ਅੱਗੇ ਤੋਂ ਹੋਰ ਜੋਸ਼ ਅਤੇ ਉਤਸ਼ਾਹ ਨਾਲ ਖੇਡਾਂ ਵਿੱਚ ਭਾਗ ਲੈਣ ਦੀ ਪ੍ਰੇਰਣਾ ਦਿੱਤੀ। ਇਸ ਸਮੇਂ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

ਵਿਦਿਆਰਥੀਆਂ ਵੱਲੋਂ ਮੌਸਮ ਨਿਰੀਖਣਸ਼ਾਲਾ ਦਾ ਦੌਰਾ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੇ ਜੌਗਰਫ਼ੀ ਤੇ ਸੋਸ਼ਲ ਸਾਇੰਸਜ਼ ਵਿਭਾਗ ਦੇ ਵਿਦਿਆਰਥੀਆਂ ਨੂੰ ਪਿੰਡ ਖਰੇੜਾ ਵਿਖੇ ਸਥਿਤ ਮੌਸਮ ਨਿਰੀਖਣਸ਼ਾਲਾ ਦਾ ਵਿਦਿਅਕ ਦੌਰਾ ਕਰਾਇਆ ਗਿਆ। ਇਸ ਵਿੱਦਿਅਕ ਦੌਰੇ ਦੌਰਾਨ ਵਿਦਿਆਰਥੀਆਂ ਨੇ ਮੌਸਮ ਅਤੇ ਜਲਵਾਯੂ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਵਿਗਿਆਨਕ ਜਾਣਕਾਰੀ ਹਾਸਲ ਕੀਤੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਅਜਿਹੇ ਵਿੱਦਿਅਕ ਦੌਰੇ ਵਿਦਿਆਰਥੀਆਂ ਨੂੰ ਵਿੱਦਿਅਕ ਗਿਆਨ ਦੇ ਨਾਲ-ਨਾਲ ਵਿਹਾਰਕ ਤੇ ਵਿਹਾਰਕ ਗਿਆਨ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਾਲਜ ਵਿੱਚ ਵੀ ਮੌਸਮ ਨਿਰੀਖਣਸ਼ਾਲਾ ਸਥਾਪਤ ਕੀਤੀ ਗਈ ਹੈ, ਜਿਸਦਾ ਸਿੱਧਾ ਲਾਭ ਕਿਸਾਨਾਂ ਨੂੰ ਪਹੁੰਚਦਾ ਹੈ। ਜੌਗਰਫ਼ੀ ਵਿਭਾਗ ਦੇ ਪ੍ਰੋ. ਤਲਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਮੌਸਮ ਨਾਲ ਸਬੰਧਿਤ ਯੰਤਰਾਂ ਅਤੇ ਉਨ੍ਹਾਂ ਦੀ ਕਾਰਜਵਿਧੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦੌਰੇ ਦੌਰਾਨ ਮੌਸਮ ਵਿਗਿਆਨੀਆਂ ਨੇ ਵਾਯੂਮੰਡਲੀ ਦਬਾਅ, ਬੱਦਲ ਬਣਨ ਦੀ ਪ੍ਰਕਿਰਿਆ ਅਤੇ ਹਵਾ ਦੀ ਰਫ਼ਤਾਰ ਆਦਿ ਬਾਰੇ ਵਡਮੁੱਲੀ ਜਾਣਕਾਰੀ ਦਿੱਤੀ। ਮੌਸਮ ਮਾਹਿਰਾਂ ਨੇ ਦੱਸਿਆ ਕਿ ਦੇਸ਼ ਭਰ ਤੋਂ ਵੈਦਰ ਡਾਟਾ ਇਕੱਤਰ ਕਰਕੇ ਅਗਾਊਂ ਸੂਚਨਾ ਤੇ ਚੇਤਾਵਨੀ ਨਾਗਰਿਕਾਂ ਨੂੰ ਦਿੱਤੀ ਜਾਂਦੀ ਹੈ। ਇਸ ਮੌਕੇ ਜੌਗਰਫ਼ੀ ਵਿਭਾਗ ਦੇ ਪ੍ਰੋ. ਲਵਪ੍ਰੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

ਖਾਲਸਾ ਗਰਲਜ਼ ਕਾਲਜ ਵਿਖੇ ਕੌਮਾਂਤਰੀ ਮਾਂ ਬੋਲੀ ਦਿਹਾੜੇ 'ਤੇ ਸੈਮੀਨਾਰ

ਕੋਟਕਪੂਰਾ (ਰਛਪਾਲ ਭੁੱਲਰ)-ਬਾਬਾ ਜ਼ੋਰਾਵਰ ਸਿੰਘ, ਫ਼ਤਹਿ ਸਿੰਘ ਖਾਲਸਾ ਗਰਲਜ ਕਾਲਜ ਦੇ ਕੈਂਪਸ 'ਚ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਕੌਮਾਂਤਰੀ ਮਾਂ-ਬੋਲੀ ਦਿਹਾੜੇ ਨੂੰ ਸਮਰਪਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ 'ਚ ਮੁੱਖ ਬੁਲਾਰੇ ਵਜੋਂ ਪੰਜਾਬੀ ਮਾਂ-ਬੋਲੀ ਦੇ ਪ੍ਰਤਿਭਾਵਾਨ ਸ਼ਾਇਰ ਡਾ. ਦੇਵਿੰਦਰ ਸੈਫ਼ੀ ਵਿਦਿਆਰਥੀਆਂ ਦੇ ਰੂ-ਬ-ਰੂ ਹੋਏ। ਉਨ੍ਹਾਂ ਨੇ ਮਾਂ ਬੋਲੀ ਦੇ ਮਹੱਤਵ ਤੋਂ ਜਾਣੂ ਕਰਾਉਂਦਿਆਂ ਮਾਤ ਭਾਸ਼ਾ ਦੇ ਮਨੁੱਖੀ ਜੀਵਨ ਨਾਲ ਬਣਦੇ ਬਹੁਦਿਸ਼ਾਵੀ ਅਤੇ ਬਹੁਪਰਤੀ ਰਿਸ਼ਤੇ ਬਾਰੇ ਵਿਸਥਾਰ ਸਹਿਤ ਦੱਸਿਆ। ਮਾਤ ਭਾਸ਼ਾ ਵਿਚਲੇ ਸਰਮਾਏ ਤੋਂ ਵਾਂਝੇ ਰਹੇ ਮਨੁੱਖ ਦੀ ਚੇਤਨਾ 'ਚ ਜਿਹੜੀਆਂ ਘਾਟਾਂ ਰਹਿ ਜਾਂਦੀਆਂ ਹਨ, ਉਨ੍ਹਾਂ ਬਾਰੇ ਵਿਗਿਆਨਕ ਦ੍ਰਿਸ਼ਟੀ ਤੋਂ ਦੱਸਿਆ। ਇਸ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਹਰਬੰਸ ਸਿੰਘ ਕੰਧੋਲਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਉਨ੍ਹਾਂ ਨੇ ਅਜਿਹੇ ਲਾਹੇਵੰਦ ਪ੍ਰੋਗਰਾਮਾਂ ਨੂੰ ਹਰ ਸੰਸਥਾ ਲਈ ਜ਼ਰੂਰੀ ਦੱਸਿਆ। ਨਾਲ ਹੀ ਉਨ੍ਹਾਂ ਮਾਂ ਬੋਲੀ ਦੇ ਸਤਿਕਾਰ ਅਤੇ ਗੁਰਬਾਣੀ ਨਾਲ ਜੁੜਨ ਦਾ ਸੁਨੇਹਾ ਦਿੱਤਾ। ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਪ੍ਰੀਤ ਕੌਰ ਵੱਲੋਂ ਸਟੇਜ ਸੰਚਾਲਕ ਦੀ ਭੂਮਿਕਾ ਵੇਲੇ ਡਾ. ਦੇਵਿੰਦਰ ਸੈਫ਼ੀ ਦੀ ਵਿਲੱਖਣ ਸਾਇਰੀ ਅਤੇ ਚਿੰਤਨ ਬਾਰੇ ਭਾਵਪੂਰਤ ਲਫ਼ਜ਼ਾਂ ਰਾਹੀਂ ਦੱਸਿਆ ਅਤੇ ਵਿਸੇਸ ਧੰਨਵਾਦ ਕੀਤਾ। ਪ੍ਰੋ. ਮਨਜੀਤ ਕੌਰ ਵੱਲੋਂ ਡਾ. ਸੈਫ਼ੀ ਦਾ ਆਪਣੇ ਰੁਝੇਵਿਆਂ ਭਰੇ ਜੀਵਨ 'ਚੋਂ ਵਕਤ ਕੱਢ ਕੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਨ 'ਤੇ ਉਨਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮੁੱਚੇ ਪ੍ਰੋਗਰਾਮ ਦੌਰਾਨ ਕਾਲਜ ਦੇ ਵਾਇਸ ਪ੍ਰਿੰਸੀਪਲ ਪ੍ਰੋ. ਨਵਜੋਤ ਕੌਰ ਸਮੇਤ ਸਮੂਹ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਹਾਜ਼ਰ ਰਹੇ। ਸਮੁੱਚਾ ਪ੍ਰੋਗਰਾਮ ਬੇਹੱਦ ਪ੍ਰਭਾਵਸ਼ਾਲੀ ਰਿਹਾ।

ਭਤੀਜੇ ਨੂੰ ਚਾਚੇ ਤੇ ਰਿਸ਼ਤੇਦਾਰ ਨੇ ਨਹਿਰ 'ਚ ਸੁੱਟ ਮਾਰ ਮੁਕਾਇਆ

ਮੌਕੇ 'ਤੇ ਕਾਰਵਾਈ ਕਰਦੇ ਹੋਏ ਪੁਲਸ ਅਧਿਕਾਰੀ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਇਲਾਕੇ ਵਿੱਚ ਇੱਕ ਹੈਲਨਾਕ ਘਟਨਾ ਸਾਹਮਣੇ ਆਈ ਹੈ, ਜਿਸ ਵਿੱਚ ਨੌਜਵਾਨ ਭਤੀਜੇ ਬੰਟੀ ਵਾਸੀ ਸਮਰਾਲਾ ਨੂੰ ਉਸ ਦੇ ਚਾਚੇ ਬੱਲੀ ਵਾਸੀ ਸਮਰਾਲਾ ਤੇ ਰਿਸ਼ਤੇਦਾਰ ਰਵੀ ਵਾਸੀ ਧੱਕਾ ਕਾਲੋਨੀ, ਕੁਰੂਕਸ਼ੇਤਰ ਨੇ ਨਹਿਰ ਵਿੱਚ ਸੁੱਟ ਕੇ ਮਾਰ ਮੁਕਾਇਆ। ਮਾਛੀਵਾੜਾ ਪੁਲਸ ਕੋਲ ਰਾਮਜੀ ਦਾਸ ਵਾਸੀ ਪਿੰਡ ਪਵਾਤ ਨੇ ਬਿਆਨ ਦਰਜ ਕਰਵਾਏ ਕਿ ਉਹ ਮਜ਼ਦੂਰੀ ਕਰਦਾ ਹੈ ਤੇ ਨਹਿਰ ਕਿਨਾਰੇ ਖੇਤਾਂ ਵਿੱਚ ਫਸਲ ਨੂੰ ਪਾਣੀ ਲਗਾ ਰਿਹਾ ਸੀ ਕਿ ਉਸ ਨੂੰ ਕਿਸੇ ਵਿਅਕਤੀ ਨੇ ਆ ਕੇ ਦੱਸਿਆ ਕਿ ਪੁਲ ਨਹਿਰ ਪਵਾਤ ਨੇੜੇ ਹੀ ਤਿੰਨ ਵਿਅਕਤੀ, ਜਿਨ੍ਹਾਂ ਨੇ ਸ਼ਰਾਬ ਪੀਤੀ ਹੋਈ ਹੈ, ਉਹ ਆਪਸ ਵਿੱਚ ਝਗੜਾ ਕਰ ਰਹੇ ਹਨ। ਜਦੋਂ ਉਸ ਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ 2 ਵਿਅਕਤੀ, ਜਿਨ੍ਹਾਂ ਨੇ ਇੱਕ ਨੌਜਵਾਨ ਨੂੰ ਲੱਤਾਂ, ਬਾਹਾਂ ਤੋਂ ਫੜਿਆ ਹੋਇਆ ਸੀ, ਉਸ ਨੂੰ ਮਾਰ ਦੇਣ ਦੀ ਨੀਅਤ ਨਾਲ ਨਹਿਰ ਵਿੱਚ ਸੁੱਟ ਦਿੱਤਾ। ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਨੌਜਵਾਨ ਨਹਿਰ ਵਿੱਚ ਰੁੜ੍ਹ ਗਿਆ। ਉਸ ਵੱਲੋਂ ਨੌਜਵਾਨ ਦੇ ਬਚਾਅ ਲਈ ਕਾਫ਼ੀ ਰੌਲਾ ਵੀ ਪਾਇਆ, ਪਰ ਕਿਸੇ ਨੂੰ ਤੈਰਦਾ ਨਾ ਆਉਣ ਕਾਰਨ ਉਸ ਨੂੰ ਬਚਾਇਆ ਨਾ ਜਾ ਸਕਿਆ। ਨੌਜਵਾਨ ਨੂੰ ਨਹਿਰ ਵਿੱਚ ਸੁੱਟਣ ਵਾਲਿਆਂ ਦੀ ਪਹਿਚਾਣ ਬੱਲੀ ਵਾਸੀ ਸਮਰਾਲਾ ਤੇ ਰਿਸ਼ਤੇਦਾਰ ਰਵੀ ਵਜੋਂ ਹੋਈ। ਅੱਜ ਸਵੇਰੇ ਸਰਹਿੰਦ ਨਹਿਰ ਵਿੱਚੋਂ ਬੰਟੀ ਦੀ ਲਾਸ਼ ਬਰਾਮਦ ਹੋ ਗਈ, ਜਿਸ ਨੂੰ ਪੁਲਸ ਨੇ ਕਬਜ਼ੇ 'ਚ ਪੋਸਟ ਮਾਰਟਮ ਲਈ ਭਿਜਵਾ ਦਿੱਤਾ। ਥਾਣਾ ਮੁਖੀ ਇੰਸਪੈਕਟਰ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਕਤਲ ਕਰਨ ਦੇ ਕਥਿਤ ਦੋਸ਼ ਹੇਠ ਪੁਲਸ ਨੇ ਉਕਤ ਦੋਵਾਂ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਬੰਟੀ ਨੂੰ ਕਤਲ ਕਰਨ ਵਾਲਾ ਬੱਲੀ ਚਾਚਾ ਤੇ ਦੂਸਰਾ ਰਵੀ ਵੀ ਰਿਸ਼ਤੇਦਾਰ

25-Feb-PAGE-3.qxd 2/24/2023 10:34 PM Page 1

ਡਿਪਟੀ ਕਮਿਸ਼ਨਰ ਦੇ ਭਰੋਸੇ ਤੋਂ ਬਾਅਦ ਕਿਸਾਨਾਂ ਵੱਲੋਂ ਗੁਰਦਾਸਪੁਰ ਵਿਖੇ ਲਗਾਇਆ ਰੇਲ ਰੋਕੋ ਧਰਨਾ ਸਮਾਪਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਕਿਸਾਨਾਂ ਦੀਆਂ ਮੰਗਾਂ ਮੰਨੇ ਜਾਣ ਦਾ ਭਰੋਸਾ ਦੇਣ ਤੋਂ ਬਾਅਦ ਕਿਸਾਨਾਂ ਨੇ ਗੁਰਦਾਸਪੁਰ ਵਿਖੇ ਲਗਾਇਆ ਰੇਲ ਰੋਕੋ ਮੋਰਚਾ ਖਤਮ ਕਰ ਦਿੱਤਾ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੁਆਰਾ 22 ਫਰਵਰੀ ਤੋਂ ਦਿੱਲੀ-ਕਟੜਾ ਸੜਕੀ ਪ੍ਰੋਜੈਕਟ ਲਈ ਐਕੁਆਇਰ ਕੀਤੀ ਜਾਣ ਵਾਲੀ ਜ਼ਮੀਨ ਦੇ ਭਾਅ, ਗੰਨੇ ਦੀ ਫਸਲ ਦੇ ਬਕਾਏ, ਪੋਲਟਰੀ ਫਾਰਮ ਦੇ ਪ੍ਰਦੂਸ਼ਣ, ਸ਼ਹੀਦ ਕਿਸਾਨ ਪਰਵਾਰਾਂ ਨੂੰ ਮੁਆਵਜ਼ੇ ਅਤੇ ਹੋਰ ਮੰਗਾਂ ਨੂੰ ਲੈ ਕੇ ਗੁਰਦਾਸਪੁਰ ਰੇਲਵੇ ਸਟੇਸ਼ਨ 'ਤੇ ਰੇਲ ਰੋਕੋ ਮੋਰਚਾ ਲਗਾਇਆ ਗਿਆ ਸੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਐੱਸ ਐੱਸ ਪੀ ਗੁਰਦਾਸਪੁਰ ਦਾਇਮਾ ਹਰੀਸ਼ ਕੁਮਾਰ ਓਮ ਪ੍ਰਕਾਸ਼, ਏ ਡੀ ਸੀ ਡਾ. ਨਿਧੀ ਕੁਮੁਦ ਵੱਲੋਂ ਬੀਤੀ ਦੇਰ ਰਾਤ ਤੱਕ ਧਰਨਾਕਾਰੀ ਕਿਸਾਨ ਆਗੂ ਨਾਲ ਉਨ੍ਹਾਂ ਦੀਆਂ ਮੰਗਾਂ ਸੰਬੰਧੀ ਗੱਲਬਾਤ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਕਿਸਾਨ ਆਗੂਆਂ ਨੂੰ ਭਰੋਸਾ ਦਿੱਤਾ ਕਿ ਰਾਜ ਸਰਕਾਰ ਵੱਲੋਂ ਉਨ੍ਹਾਂ ਦੀ ਮੰਗਾਂ ਉੱਪਰ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਲੋਕਾਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਉਹ ਰੇਲ ਰੋਕੋ ਧਰਨਾ ਸਮਾਪਤ ਕਰ ਦੇਣ। ਇਸ ਤੋਂ ਬਾਅਦ ਦੇਰ ਰਾਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਧਰਨੇ 'ਤੇ ਬੈਠੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ ਦੇ ਹੱਲ ਲਈ ਸਰਕਾਰ ਸੁਹਿਰਦ ਯਤਨ ਕਰ ਰਹੀ ਹੈ। ਉਨ੍ਹਾ ਦੱਸਿਆ ਕਿ ਜ਼ਿਲ੍ਹੇ ਦੇ 4 ਪਿੰਡਾਂ ਮਾੜੀ ਬੁੱਚੀਆਂ, ਸ਼ੁਕਾਲਾ, ਕਿਸ਼ਨਕੋਟ ਅਤੇ ਮਚਰਾਏ ਦਾ ਅਵਾਰਡ ਵਧਾ ਕੇ ਨਵੇਂ ਸਿਰਿਓਂ ਕਰ ਦਿੱਤਾ

ਗਿਆ ਹੈ, ਜਿਸ ਦੇ ਨੋਟੀਫਿਕੇਸ਼ਨ ਪੇਪਰ ਦੀ ਕਾਪੀ 10 ਮਾਰਚ ਤੱਕ ਦੇ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਗੁਰਦਾਸਪੁਰ ਦੇ ਅਵਾਰਡ ਵੀ ਜਲਦੀ ਕਰਵਾਉਣ ਲਈ ਉਹ ਉੱਚ ਅਧਿਕਾਰੀਆਂ ਨੂੰ ਬੇਨਤੀ ਕਰਨਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਗੇ ਦੱਸਿਆ ਕਿ ਖੰਡ ਮਿੱਲਾਂ ਵੱਲ ਕਿਸਾਨਾਂ ਦੇ ਗੰਨੇ ਦੀ ਫਸਲ ਦੇ ਬਕਾਏ ਦੀ ਅਦਾਇਗੀ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਅਤੇ ਕਿਸਾਨਾਂ ਦੇ ਬਕਾਏ ਜਲਦ ਮਿਲ ਜਾਣਗੇ। ਉਨ੍ਹਾ ਕਿਹਾ ਕਿ ਖੰਡ ਮਿੱਲਾਂ ਵੱਲੋਂ ਕੈਲੰਡਰ ਸਿਸਟਮ ਅਨੁਸਾਰ ਕਿਸਾਨਾਂ ਦੀ ਪਰਚੀਆਂ ਦੀ ਵੰਡ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਦਾ ਸਾਰਾ ਗੰਨਾ ਮਿੱਲਾਂ ਵੱਲੋਂ ਪੀੜਿਆ ਜਾਵੇਗੀ। ਉਨ੍ਹਾ ਕਿਹਾ ਕਿ ਖੰਡ ਮਿੱਲਾਂ ਨਾਲ ਸੰਬੰਧਤ ਕਿਸੇ ਵੀ ਸਮੱਸਿਆ ਦੇ ਹੱਲ ਲਈ ਪ੍ਰਸ਼ਾਸਨ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸ਼ਹੀਦ ਕਿਸਾਨਾਂ ਦੇ ਕੇਸ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੈਰੀਫਾਈ ਕਰਕੇ ਸਰਕਾਰ ਨੂੰ ਭੇਜੇ ਜਾ ਚੁੱਕੇ ਹਨ ਅਤੇ ਸਰਕਾਰ ਵੱਲੋਂ ਇਸ ਉੱਪਰ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾ ਇਹ ਵੀ ਦੱਸਿਆ ਕਿ ਪਿੰਡ ਪੰਜਗਰਾਈਆਂ ਵਿਖੇ ਪੋਲਟਰੀ ਫਾਰਮ ਦੇ ਪ੍ਰਦੂਸ਼ਣ ਸੰਬੰਧੀ ਮਸਲਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਧਿਆਨ ਵਿੱਚ ਲਿਆਂਦਾ ਗਿਆ ਜਿਸ ਉੱਪਰ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਕਾਰਵਾਈ ਅਮਲ ਅਧੀਨ ਹੈ। ਇਸ ਮੌਕੇ ਐੱਸ ਐੱਸ ਪੀ ਗੁਰਦਾਸਪੁਰ ਦਾਇਮਾ ਹਰੀਸ਼ ਕੁਮਾਰ ਓਮਪ੍ਰਕਾਸ਼ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਨਸ਼ੇ ਦੇ ਮੁੱਦੇ 'ਤੇ ਪੁਲਸ ਵਿਭਾਗ ਵੱਲੋਂ ਪੂਰੀ ਸਖਤੀ ਨਾਲ ਕੰਮ ਕੀਤਾ ਜਾਵੇਗਾ ਅਤੇ ਪਿੰਡ ਪੱਧਰ 'ਤੇ ਕੈਂਪ ਲਗਾ ਕੇ ਨਸ਼ੇ ਵਿਰੁੱਧ ਜਾਗ੍ਰਿਤੀ ਪੈਦਾ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਨਸ਼ਿਆਂ ਨੂੰ ਰੋਕਣ ਲਈ ਗੁਰਦਾਸਪੁਰ ਪੁਲਸ ਪੂਰੀ ਤਰ੍ਹਾਂ ਵਚਨਬੱਧ ਹੈ। ਸਿਵਲ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀਆਂ ਮੰਗਾਂ ਮੰਨੇ ਜਾਣ ਦੇ ਭਰੋਸੇ ਤੋਂ ਬਾਅਦ ਪੰਜਾਬ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਸੀ. ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਅਤੇ ਸੂਬਾ ਆਗੂ ਲਖਵਿੰਦਰ ਸਿੰਘ ਵਰਿਆਮ ਨੰਗਲ ਵੱਲੋਂ ਧਰਨਾ ਸਮਾਪਤ ਕਰਨ ਦਾ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਅੱਜ ਸਵੇਰੇ 6:30 ਵਜੇ ਗੁਰਦਾਸਪੁਰ ਰੇਲਵੇ ਸਟੇਸ਼ਨ ਤੋਂ ਕਿਸਾਨਾਂ ਨੇ ਆਪਣਾ ਧਰਨਾ ਚੁੱਕ ਲਿਆ ।

ਲੁਟੇਰੇ ਸਾਬਕਾ ਬਿਜਲੀ ਮੁਲਾਜ਼ਮ ਤੋਂ ਪੰਜ ਹਜ਼ਾਰ ਦੀ ਨਗਦੀ ਤੇ ਜ਼ਰੂਰੀ ਕਾਗਜ਼ਾਤ ਖੋਹ ਕੇ ਫਰਾਰ

ਪੀੜਤ ਜਾਣਕਾਰੀ ਦਿੰਦਾ ਹੋਇਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)- ਥਾਣਾ ਭਿੱਖੀਵਿੰਡ ਅਧੀਨ ਆਉਂਦੇ ਪਿੰਡਾਂ 'ਚ ਲੁੱਟ-ਖੋਹ ਦੀਆਂ ਵਾਰਦਾਤਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਇਲਾਕੇ 'ਚ ਲੁੱਟ-ਖੋਹ ਦੀ ਤਾਜ਼ੀ ਵਾਰਦਾਤ ਪਿੰਡ ਮਾੜੀ ਗੌੜ ਸਿੰਘ ਤੋਂ ਸਾਹਮਣੇ ਆਈ ਹੈ, ਜਿੱਥੇ ਲੁਟੇਰੇ ਇੱਕ ਸਾਬਕਾ ਬਿਜਲੀ ਮੁਲਾਜ਼ਮ ਕੋਲੋਂ ਪੰਜ ਹਜ਼ਾਰ ਦੀ ਨਕਦੀ ਅਤੇ ਕੁਝ ਜ਼ਰੂਰੀ ਕਾਗਜ਼ਾਤ ਖੋਹ ਕੇ ਫਰਾਰ ਹੋ ਗਏ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀੜਤ ਪੂਰਨ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਭਿੱਖੀਵਿੰਡ ਨੇ ਦੱਸਿਆ ਕਿ ਬੀਤੀ ਕੱਲ੍ਹ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਸ਼ਾਮ ਦੇ ਕਰੀਬ ਸਾਢੇ ਚਾਰ ਵਜੇ ਕਿਸੇ ਕੰਮ ਦੇ ਸਿਲਸਿਲੇ 'ਚ ਮਾੜੀ ਗੌੜ ਸਿੰਘ ਵਾਲੇ ਪਾਸਿਓਂ ਸਾਂਧਰੇ ਪਿੰਡ ਜਾ ਰਿਹਾ ਸੀ। ਜਦੋਂ ਉਹ ਕਿਸਾਨ ਕਾਬਲ ਸਿੰਘ ਦੀਆਂ ਬਹਿਕਾਂ ਨੇੜੇ ਪੁੱਜਾ ਤਾਂ ਪਿੱਛੋਂ ਆਏ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰ ਜਿਨ੍ਹਾਂ ਨੇ ਆਪਣੇ ਮੂੰਹ ਢਕੇ ਹੋਏ ਸਨ, ਨੇ ਦਾਤਰ ਨਾਲ ਡਰਾ ਕੇ ਉਸ ਦਾ ਮੋਟਰਸਾਈਕਲ ਰੋਕ ਲਿਆ ਅਤੇ ਉਸ ਦਾ ਪਰਸ, ਜਿਸ 'ਚ ਪੰਜ ਹਜਾਰ ਰੁਪਏ ਨਕਦੀ, ਮੋਟਰਸਾਈਕਲ ਦੀ ਆਰ ਸੀ, ਡਰਾਈਵਿੰਗ ਲਾਇਸੰਸ, ਆਧਾਰ ਕਾਰਡ, ਪੈਨ ਕਾਰਡ, ਦੋ ਏ ਟੀ ਐਮ ਕਾਰਡ, ਬਿਜਲੀ ਬੋਰਡ ਮਹਿਕਮੇ ਦਾ ਆਈ ਕਾਰਡ ਸਨ, ਖੋਹ ਕੇ ਫਰਾਰ ਹੋ ਗਏ। ਇਸ ਮੌਕੇ ਉਸ ਦੱਸਿਆ ਕਿ ਉਪਰੋਕਤ ਘਟਨਾ ਸੰਬੰਧੀ ਭਿੱਖੀਵਿੰਡ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਉਧਰ ਇਸ ਮਾਮਲੇ ਸੰਬੰਧੀ ਥਾਣਾ ਖਾਲੜਾ ਦੇ ਮੁਖੀ ਐੱਸ ਐੱਚ ਓ ਬਲਜਿੰਦਰ ਸਿੰਘ ਔਲਖ ਦਾ ਕਹਿਣਾ ਹੈ ਕਿ ਇਹ ਮਾਮਲਾ ਉਨ੍ਹਾ ਦੇ ਧਿਆਨ ਵਿੱਚ ਆ ਗਿਆ ਹੈ, ਇਸ ਸੰਬੰਧੀ ਬਣਦੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ ।

ਪੰਚਾਇਤੀ ਜਮੀਨਾਂ ਨੂੰ ਛੁਡਾਉਣ ਲਈ ਨਹੀਂ ਚੁੱਕਿਆ ਜਾ ਰਿਹਾ ਕੋਈ ਠੋਸ ਕਦਮ

ਦਸੂਹਾ, (ਲਵਜੀਤ ਸਿੰਘ)-ਦਸੂਹਾ ਪੰਜਾਬ ਦੀ ਸੱਭ ਤੋਂ ਪੁਰਾਣੀ ਤਹਿਸੀਲ ਹੈ ਅਤੇ ਇਸ ਦੇ ਨਾਲ ਹੀ ਕਦੀ ਪੰਜਾਬ ਦੀ ਸੱਭ ਤੋਂ ਵੱਡੀ ਤਹਿਸੀਲ ਵੀ ਸੀ। ਪਰ ਸਮੇਂ ਦੇ ਨਾਲ ਇਸ ਦਾ ਆਕਾਰ ਛੋਟਾ ਕਰ ਦਿੱਤਾ ਗਿਆ। ਆਪ ਦੀ ਸਰਕਾਰ ਨੇ ਆਉਂਦੇ ਸਾਰ ਹੀ ਸਰਕਾਰੀ ਪੰਚਾਇਤੀ ਜਮੀਨਾਂ ਉਪਰ ਹੋਏ ਕਬਜਿਆਂ ਨੂੰ ਛੁਡਾਉਣ ਲਈ ਮੁਹਿੰਮ ਚਲਾਈ ਸੀ ਅਤੇ ਕਈ ਜ਼ਿਲ੍ਹਿਆਂ ਵਿੱਚ ਪੰਚਾਇਤੀ ਜਮੀਨ ਤੋਂ ਕਬਜ਼ੇ ਛੁਡਾਏ ਗਏ ਸੀ। ਪਰ ਦਸੂਹਾ ਵਿੱਚ ਇਸ ਮੁਹਿੰਮ ਅਧੀਨ ਕੋਈ ਉਪਰਾਲਾ ਨਹੀ ਕੀਤਾ ਗਿਆ। ਤਹਿਸੀਲ ਦੇ ਕਈ ਪਿੰਡਾਂ ਵਿੱਚ ਪੰਚਾਇਤੀ ਜ਼ਮੀਨਾਂ 'ਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਨਜ਼ਾਇਜ਼ ਕਬਜ਼ਾ ਕੀਤਾ ਹੋਇਆ ਹੈ, ਜਿਨਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੈ। ਇਸ ਕਰਕੇ ਕੋਈ ਵੀ ਆਵਾਜ਼ ਨਹੀ ਉਠਾਉਂਦਾ ਹੈ। ਪੰਚਾਇਤੀ ਜ਼ਮੀਨਾਂ 'ਤੇ ਨਜ਼ਾਇਜ਼ ਕਬਜ਼ਕਾਰਾਂ ਦੁਆਰਾ ਫਾਇਦਾ ਚੁੱਕਿਆ ਜਾ ਰਿਹਾ ਹੈ ਅਤੇ ਸਰਕਾਰ ਨੂੰ ਕਾਫੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਨਤਾ ਦਰਬਾਰ ਦੀਆਂ ਤਿਆਰੀਆਂ ਦਾ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲਿਆ ਜਾਇਜ਼ਾ

ਝਬਾਲ (ਮੱਖਣ ਮਨੋਜ/ਹਰਜਿੰਦਰ ਸਿੰਘ ਸੋਨੀ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਤੇ ਸਰਕਾਰ ਜਨਤਾ ਦੇ ਦੁਆਰ ਤਹਿਤ ਪਿੰਡਾਂ ਦੀਆਂ ਸੱਥਾਂ ਵਿਚ ਜਾ ਕੇ ਲੋਕ ਮਸਲੇ ਹੱਲ ਕਰਨ ਲਈ ਸ਼ੁਰੂ ਕੀਤੀ ਮੁਹਿਮ ਦੌਰਾਨ ਹਲਕਾ ਤਰਨਤਾਰਨ ਦੇ ਕਸਬਾ ਝਬਾਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਲਗਾਏ ਜਾ ਰਹੇ 27 ਫਰਵਰੀ ਨੂੰ ਤਰਨਤਾਰਨ ਪ੍ਰਸ਼ਾਸਨ ਜਨਤਾ ਦੇ ਦਰਬਾਰ ਵਿੱਚ ਕੈਂਪ ਦੀਆਂ ਤਿਆਰੀਆਂ ਨੂੰ ਲੈ ਕੇ ਐੱਸਡੀਐੱਮ ਰਜਨੀਸ਼ ਅਗਰਵਾਲ ਦੀ ਅਗਵਾਈ ਵਿੱਚ ਸਮੁੱਚੇ ਜ਼ਿਲ੍ਹੇ ਦਾ ਪ੍ਰਸ਼ਾਸਨ ਜਿਸ ਵਿੱਚ ਏਡੀਸੀ ਪੁਨੀਤ ਸ਼ਰਮਾ, ਸਿਵਲ ਸਰਜਨ ਡਾਕਟਰ ਦਿਲਬਾਗ ਸਿੰਘ, ਤਹਿਸੀਲਦਾਰ ਰਕੇਸ਼ ਗਰਗ, ਨਾਇਬ ਤਹਿਸੀਲਦਾਰ ਜਸਵਿੰਦਰ ਸਿੰਘ, ਐਕਸੀਅਨ ਹਰਦੀਪ ਸਿੰਘ ਸੋਢੋਂ, ਬੀਡੀਪੀਓ ਪ੍ਰਗਟ ਸਿੰਘ, ਐਸਡੀਓ ਝਬਾਲ ਨਰਿੰਦਰ ਸਿੰਘ, ਥਾਣਾ ਮੁਖੀ ਬਲਜਿੰਦਰ ਸਿੰਘ ਸਮੇਤ ਅਧਿਕਾਰੀਆਂ ਨੇ ਕੈਂਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਤੇ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ। ਇਸ ਸਮੇਂ ਐੱਸਡੀਐੱਮ ਰਜਨੀਸ਼ ਅਗਰਵਾਲ ਨੇ ਦੱਸਿਆ ਕਿ ਇਸ ਲੋਕ ਦਰਬਾਰ ਵਿੱਚ ਸਾਰੇ ਮਹਿਕਮਿਆਂ ਨਾਲ ਸਬੰਧਤ ਮੌਕੇ 'ਤੇ ਕੰਮ ਹੋਣਗੇ। ਇਸ ਕੈਂਪ ਦਾ ਮੁੱਖ ਮਨੋਰਥ ਲੋਕਾ ਨੂੰ ਸਰਕਾਰੀ ਦਫਤਰਾਂ ਵਿਚ ਖੱਜਲ ਖਰਾਬ ਨਾ ਹੋਣਾ ਪਵੇ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਆਉਣ ਵਾਲੇ ਲੋਕ ਆਪਣੇ ਅਧਾਰ ਕਾਰਡ, ਸ਼ਨਾਖਤੀ ਕਾਰਡ, ਫੋਟੋਆਂ ਤੇ ਹੋਰ ਲੋੜੀਂਦੇ ਕਾਗਜ਼ ਲੈ ਕੇ ਆਉਣ ਤਾਂ ਕਿ ਮੌਕੇ 'ਤੇ ਕੰਮ ਹੋ ਸਕੇ। ਉਨ੍ਹਾਂ ਕਿਹਾ ਕਿ ਵੱਖ ਵੱਖ ਮਹਿਕਮਿਆਂ ਨਾਲ ਸਬੰਧਤ ਅਲੱਗ-ਅਲੱਗ ਸਟਾਲ ਲਗਾਏ ਜਾਣਗੇ ਜਿਸ ਸਬੰਧੀ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਇਸ ਸਮੇਂ ਪ੍ਰਿੰਸੀਪਲ ਮੰਗਤ ਸਿੰਘ, ਸੈਕਟਰੀ ਮਨਜਿੰਦਰ ਸਿੰਘ, ਪਟਵਾਰੀ ਅਭੀਜੀਤ ਆਦਿ ਹਾਜ਼ਰ ਸਨ।]

ਸਵਰਨਜੀਤ ਸੰਗਰੂਰ ਨੂੰ ਧਮਕੀਆਂ ਦੇਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ

ਗੁਰਦਾਸਪੁਰ (ਜਨਕ ਮਹਾਜਨ)-ਡੈਮੋਕ੍ਰੇਟਿਕ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ , ਪੰਜਾਬ ਰਾਜ ਫਾਰਮੇਸੀ ਅਫ਼ਸਰ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ, ਸਾਬਕਾ ਫਾਰਮਾਸਿਸਟਾਂ ਦੇ ਜ਼ਿਲ੍ਹਾ ਪ੍ਰਧਾਨ ਓਮ ਸ਼ਰਮਾ ਦੀ ਅਗਵਾਈ ਹੇਠ ਡੈਮੋਕ੍ਰੇਟਿਕ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਇੱਕ ਮੀਟਿੰਗ ਹੋਈ ਜਿਸ ਵਿੱਚ ਜਮਹੂਰੀ ਅਧਿਕਾਰ ਸਭਾ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਡਾ ਜਗਜੀਵਨ ਲਾਲ, ਪੰਜਾਬ ਰਾਜ ਫਾਰਮੇਸੀ ਆਫ਼ੀਸਰ ਐਸੋਸੀਏਸ਼ਨ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ, ਮੌਜੂਦਾ ਪ੍ਰਧਾਨ ਸਰਬਰਿੰਦਰ ਸਿੰਘ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਏ। ਬੈਠਕ ਵਿੱਚ ਸਭਾ ਨੇ ਸਾਂਝੇ ਤੌਰ ਤੇ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਫ਼ਰੰਟ ਦੇ ਸੂਬਾ ਕਨਵੀਨਰ ਅਤੇ ਜਮਹੂਰੀ ਹੱਕਾਂ ਲਈ ਕੰਮ ਕਰਨ ਵਾਲੇ ਨਿਧੜਕ ਆਗੂ ਸਵਰਨਜੀਤ ਸੰਗਰੂਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਫ਼ੋਨ ਰਾਹੀਂ ਧਮਕੀਆਂ ਦੇਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਧਮਕੀਆਂ ਦੇਣ ਵਾਲੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਏ । ਬੁਲਾਰਿਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪਿਛਲੇ ਸਮੇਂ ਵਿੱਚ ਪੰਜਾਬ ਦੇ ਬਹੁਤ ਸਾਰੇ ਪ੍ਰਾਈਵੇਟ ਕਾਲਜਾਂ ਵੱਲੋਂ ਖ਼ਾਲੀ ਸੀਟਾਂ ਭਰਨ ਲਈ ਘੱਟ ਯੋਗਤਾ ਵਾਲੇ ਵਿਅਕਤੀਆਂ ਨੂੰ ਬਾਹਰਲੇ ਰਾਜਾਂ ਦੀ ਸਾਇੰਸ ਵਿਸ਼ੇ ਸਹਿਤ ਬਾਰ੍ਹਵੀਂ ਦੇ ਜਾਅਲੀ ਸਰਟੀਫਿਕੇਟਾਂ ਦੇ ਆਧਾਰ ਤੇ ਮੋਟੀਆਂ ਫ਼ੀਸਾਂ ਵਸੂਲ ਕੇ ਦਾਖਲਾ ਦਿੱਤਾ ਗਿਆ। ਡਮੀ ਐਡੀਸ਼ਨਾਂ ਰਾਹੀਂ ਨਕਲ ਮਰਵਾ ਕੇ ਉਨ੍ਹਾਂ ਨੂੰ ਡਿਪਲੋਮਾ ਇਨ ਫਾਰਮੇਸੀ ਪਾਸ ਕਰਵਾ ਦਿੱਤਾ। ਆਗੂਆਂ ਨੇ ਦੱਸਿਆ ਕਿ ਪੰਜਾਬ ਫਾਰਮੇਸੀ ਕੌਂਸਲ ਵੱਲੋਂ ਰਜਿਸਟਰੇਸ਼ਨ ਦੇਣ ਸਮੇਂ ਇਨ੍ਹਾਂ ਵਿਅਕਤੀਆਂ ਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਨੂੰ ਸਬੰਧਿਤ ਸਿੱਖਿਆ ਬੋਰਡਾਂ ਜਾਂ ਯੂਨੀਵਰਸਿਟੀਆਂ ਤੋਂ ਵੈਰੀਫਾਈ ਕਰਵਾਉਣ ਦੀ ਬਜਾਏ ਪੰਜਾਬ ਰਾਜ ਕੌਂਸਲ ਵੱਲੋਂ ਕਾਲਜਾਂ ਨਾਲ ਮਿਲੀਭੁਗਤ ਕਰ ਕੇ ਸਭ ਨੂੰ ਰਜਿਸਟਰ ਕਰ ਦਿੱਤਾ ਗਿਆ। ਪੰਜਾਬ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਅਜਿਹੇ ਲੋਕਾਂ ਨੂੰ ਰਜਿਸਟਰੇਸ਼ਨ ਜਾਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਫਾਰਮੇਸੀ ਦਾ ਉੱਡਾ ਐੜਾ ਵੀ ਨਹੀਂ ਆਉਂਦਾ। ਆਗੂਆਂ ਨੇ ਕਿਹਾ ਕਿ ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਫ਼ਰੰਟ ਦੇ ਸੂਬਾ ਕਨਵੀਨਰ ਵਜੋਂ ਸਵਰਨਜੀਤ ਸੰਗਰੂਰ ਵੱਲੋਂ ਰਾਈਟ ਟੂ ਇਨਫੋਰਮੇਸ਼ਨ ਤਹਿਤ ਹਾਸਲ ਕੀਤੀ ਜਾਣਕਾਰੀ ਦੇ ਆਧਾਰ ਤੇ 15 ਅਗਸਤ 2014 ਨੂੰ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਨੂੰ ਸ਼ਿਕਾਇਤ ਵਿੱਚ ਉਪਰੋਕਤ ਦੋਸ਼

25-Feb-PAGE-4.qxd 2/24/2023 10:23 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 25 ਫਰਵਰੀ 2023

ਤਬਾਹਕੁੰਨ ਦੌਰ

ਰੂਸ-ਯੂਕਰੇਨ ਯੁੱਧ ਸ਼ੁਰੂ ਹੋਇਆਂ ਇੱਕ ਸਾਲ ਬੀਤ ਗਿਆ ਹੈ। ਇਸ ਦਾ ਦੁਨੀਆ ਉੱਤੇ ਕੀ ਅਸਰ ਪਵੇਗਾ, ਇਸ ਦਾ ਪਤਾ ਆਉਣ ਵਾਲੇ ਸਮੇਂ ਵਿੱਚ ਲੱਗੇਗਾ। ਇਸ ਯੁੱਧ ਵਿੱਚ ਕਿੰਨੀ ਤਬਾਹੀ ਹੋਈ, ਇਸ ਦੇ ਕਿਆਫ਼ੇ ਲਗਦੇ ਰਹਿਣਗੇ, ਪਰ ਇਹ ਯੁੱਧ ਇੱਕ ਸੀਮਤ ਖੇਤਰ ਦਾ ਯੁੱਧ ਹੈ। ਇਸ ਸਮੇਂ ਅਸੀਂ ਇੱਕ ਹੋਰ ਯੁੱਧ ਦਾ ਸਾਹਮਣਾ ਕਰ ਰਹੇ ਹਾਂ, ਜਿਹੜਾ ਸਾਰੀ ਦੁਨੀਆ ਨੂੰ ਤਬਾਹੀ ਵੱਲ ਧੱਕੀ ਜਾ ਰਿਹਾ ਹੈ। ਇਸ ਯੁੱਧ ਵਿੱਚ ਵਰਤਿਆ ਜਾ ਰਿਹਾ ਹਥਿਆਰ ਹੈ ਸੋਸ਼ਲ ਮੀਡੀਆ। ਅੱਜ ਸੋਸ਼ਲ ਮੀਡੀਆ ਨੇ ਸਮੁੱਚੀ ਦੁਨੀਆ ਵਿੱਚ ਝੂਠ, ਅਫ਼ਵਾਹਾਂ ਤੇ ਹਿੰਸਾ ਦਾ ਅਜਿਹਾ ਜਾਲ ਫੈਲਾਇਆ ਹੈ, ਜਿਹੜਾ ਸਮਾਜਕ ਭਾਈਚਾਰੇ ਨੂੰ ਤੋੜ ਰਿਹਾ ਹੈ ਤੇ ਲੋਕਤੰਤਰ ਨੂੰ ਖ਼ਤਮ ਕਰ ਰਿਹਾ ਹੈ। ਸ਼ੁਰੂ ਵਿੱਚ ਸੋਸ਼ਲ ਮੀਡੀਆ ਨੂੰ ਚਲਾਉਣ ਵਾਲੀਆਂ ਕੰਪਨੀਆਂ ਨੇ ਲੋਕਾਂ ਨੂੰ ਵਧੀਆ ਜਾਣਕਾਰੀ ਮੁਹੱਈਆ ਕਰਾਉਣ ਦਾ ਝਾਂਸਾ ਦਿੱਤਾ ਸੀ, ਪਰ ਅੱਜ ਇਹ ਪਲੇਟਫਾਰਮ ਦੁਰਪ੍ਰਚਾਰ ਤੇ ਝੂਠ ਪਰੋਸਣ ਦੇ ਸ਼ਕਤੀਸ਼ਾਲੀ ਹਥਿਆਰ ਬਣ ਚੁੱਕੇ ਹਨ, ਜਿਹੜੇ ਇੱਕੋ ਵੇਲੇ ਕਰੋੜਾਂ ਲੋਕਾਂ ਨੂੰ ਅਸਾਨੀ ਨਾਲ ਗੁੰਮਰਾਹ ਕਰ ਸਕਦੇ ਹਨ।

ਪਿੱਛੇ ਜਿਹੇ 'ਹੀ ਸ਼ੀ ਪ੍ਰਸਿਸਟਡ' ਨਾਮੀ ਇੱਕ ਸੰਸਥਾ ਨੇ ਇੱਕ ਰਿਪੋਰਟ ਪ੍ਰਕਾਸ਼ਤ ਕੀਤੀ ਸੀ। ਇਹ ਰਿਪੋਰਟ ਭਾਰਤ, ਹੰਗਰੀ, ਬਰਾਜ਼ੀਲ, ਇਟਲੀ ਤੇ ਟਿਊਨੇਸ਼ੀਆ ਵਿੱਚ ਔਰਤਾਂ ਉੱਤੇ ਹਮਲੇ, ਕਿਰਦਾਰਕੁਸ਼ੀ ਤੇ ਧਮਕੀਆਂ ਦੇ ਅਧਿਐਨ ਤੋਂ ਬਾਅਦ ਤਿਆਰ ਕੀਤੀ ਗਈ ਸੀ। ਇਸ ਦਾ ਨਿਚੋੜ ਇਹ ਸੀ ਕਿ ਔਰਤਾਂ ਵਿਰੁੱਧ ਹਿੰਸਾ ਫੈਲਾਅ ਕੇ ਸੋਸ਼ਲ ਮੀਡੀਆ ਪਲੇਟਫਾਰਮ ਮਾਲੋ-ਮਾਲ ਹੋ ਰਹੇ ਹਨ। ਇਹ ਪਲੇਟਫਾਰਮ ਸਿਰਫ਼ ਆਮ ਔਰਤਾਂ ਨੂੰ ਹੀ ਨਿਸ਼ਾਨਾ ਨਹੀਂ ਬਣਾਉਂਦੇ ਸਗੋਂ ਤਾਕਤਵਰਾਂ ਦਾ ਵੀ ਸ਼ਿਕਾਰ ਕਰਦੇ ਹਨ। ਹੁਣੇ ਜਿਹੇ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਦਾ ਆਰਡਰਨ ਤੇ ਸਕਾਟਲੈਂਡ ਦੀ ਮੰਤਰੀ ਨਿਕੋਲਾ ਸਟਰਜਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਇੱਕੋ ਜਿਹਾ ਕਾਰਨ ਬਿਆਨ ਕੀਤਾ ਸੀ। ਉਹ ਦੋਵੇਂ ਹੀ ਸੋਸ਼ਲ ਮੀਡੀਆ ਉੱਤੇ ਉਨ੍ਹਾਂ ਵਿਰੁੱਧ ਚਲਾਈ ਗਈ ਹਿੰਸਕ ਮੁਹਿੰਮ ਤੋਂ ਦੁਖੀ ਸਨ ਤੇ ਇਹੋ ਉਨ੍ਹਾਂ ਦੇ ਅਹੁਦਾ ਛੱਡਣ ਦਾ ਮੁੱਖ ਕਾਰਨ ਸੀ।

ਦੁਨੀਆ ਭਰ ਵਿੱਚ ਰਾਜਨੀਤਕ ਚੋਣਾਂ ਦੌਰਾਨ ਸੋਸ਼ਲ ਮੀਡੀਆ ਨਫ਼ਰਤ ਤੇ ਅਫ਼ਵਾਹਾਂ ਫੈਲਾਅ ਕੇ ਆਪਣਾ ਮੁਨਾਫ਼ਾ ਵਧਾਉਂਦਾ ਹੈ। ਪਿਛਲੇ ਸਾਲਾਂ ਦੌਰਾਨ ਦੁਨੀਆ ਭਰ ਵਿੱਚ ਜਿੱਥੇ ਵੀ ਚੋਣਾਂ ਹੋਈਆਂ, ਹਰੇਕ ਥਾਂ ਸੋਸ਼ਲ ਮੀਡੀਆ ਨੇ ਦੱਖਣਪੰਥੀ ਸਿਆਸੀ ਪਾਰਟੀਆਂ ਦੇ ਹੱਕ ਵਿੱਚ ਝੂਠ, ਨਫ਼ਰਤੀ ਅਫ਼ਵਾਹਾਂ ਤੇ ਹਿੰਸਾ ਭੜਕਾਉਣ ਦਾ ਕੰਮ ਕੀਤਾ ਸੀ।

ਅਮਰੀਕਾ ਤੇ ਬਰਾਜ਼ੀਲ ਵਿੱਚ ਚੋਣਾਂ ਤੋਂ ਬਾਅਦ ਹੋਈ ਹਿੰਸਾ ਨੂੰ ਅਸੀਂ ਦੇਖ ਚੁੱਕੇ ਹਾਂ। ਦੁਨੀਆ ਭਰ ਵਿੱਚ ਲੋਕਤੰਤਰ ਨੂੰ ਖ਼ਤਮ ਕਰਨਾ ਸੋਸ਼ਲ ਮੀਡੀਆ ਦਾ ਨਿਸ਼ਾਨਾ ਬਣ ਚੁੱਕਾ ਹੈ। ਇੱਕ ਸਮਾਂ ਸੀ ਜਦੋਂ ਤਾਨਾਸ਼ਾਹੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਲਈ ਪੈਰ ਲਾਉਣੇ ਵੀ ਔਖੇ ਸਨ, ਪਰ ਸੋਸ਼ਲ ਮੀਡੀਆ ਨੇ ਇਹ ਕੰਮ ਅਸਾਨ ਕਰ ਦਿੱਤਾ ਹੈ। ਸੋਸ਼ਲ ਮੀਡੀਆ ਨੂੰ ਚਲਾਉਣ ਵਾਲੀਆਂ ਕੰਪਨੀਆਂ ਨੇ ਆਪਣੇ ਪਲੇਟਫਾਰਮਾਂ ਨੂੰ ਅਜਿਹੇ ਫੀਚਰਜ਼ ਨਾਲ ਲੈਸ ਕੀਤਾ ਹੈ, ਜਿਸ ਨਾਲ ਅਫ਼ਵਾਹਾਂ ਤੇ ਝੂਠ ਫੈਲਾਉਣ ਵਿੱਚ ਸੌਖ ਰਹੇ।

ਚੋਣਾਂ ਵਿੱਚ ਦਖ਼ਲਅੰਦਾਜ਼ੀ ਲਈ ਇਹ ਕੰਪਨੀਆਂ ਨਵੇਂ-ਨਵੇਂ ਤਰੀਕੇ ਅਪਣਾ ਰਹੀਆਂ ਹਨ। ਆਉਣ ਵਾਲਾ ਸਮਾਂ ਲੋਕਤੰਤਰੀ ਵਿਵਸਥਾ ਲਈ ਕਾਫ਼ੀ ਮੁਸ਼ਕਲਾਂ ਭਰਿਆ ਹੋਣ ਵਾਲਾ ਹੈ। ਸੰਨ 2023 ਤੇ 2024 ਵਿੱਚ 90 ਦੇਸ਼ਾਂ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਸਪੱਸ਼ਟ ਹੈ ਕਿ ਇਨ੍ਹਾਂ ਚੋਣਾਂ ਵਿੱਚ ਸੋਸ਼ਲ ਮੀਡੀਆ ਤਾਨਾਸ਼ਾਹੀ ਤੇ ਕੱਟੜਪੰਥੀਆਂ ਦੀ ਹਿੰਸਕ ਰਾਜਨੀਤੀ ਦਾ ਔਜ਼ਾਰ ਬਣੇਗਾ। ਦੁਨੀਆ ਵਿੱਚ ਹਿੰਸਾ ਤੇ ਨਫ਼ਰਤ ਫੈਲਾਉਣ ਵਾਲਿਆਂ ਲਈ ਸੋਸ਼ਲ ਮੀਡੀਆ ਸਵਰਗ ਤੋਂ ਘੱਟ ਨਹੀਂ। ਅਜਿਹੇ ਲੋਕਾਂ ਦੇ ਅਨੇਕਾਂ ਗਰੁੱਪ ਹਨ, ਜਿਹੜੇ ਲਗਾਤਾਰ ਜ਼ਹਿਰ ਉਗਲਦੇ ਰਹਿੰਦੇ ਹਨ।

ਟੋਨੀ ਬਲੇਅਰ ਇੰਸਟੀਚਿਊਟ ਦੀ ਇੱਕ ਰਿਪੋਰਟ ਮੁਤਾਬਕ ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਤਾਨਾਸ਼ਾਹੀ ਹਾਕਮਾਂ ਨੂੰ ਹਰਾਉਣਾ ਮੁਸ਼ਕਲ ਹੋ ਚੁੱਕਾ ਹੈ, ਕਿਉਂਕਿ ਦੂਜੇ ਲੋਕਤੰਤਰੀ ਦਲਾਂ ਦੇ ਆਗੂ ਓਨਾ ਝੂਠ ਨਹੀਂ ਬੋਲ ਸਕਦੇ ਜਿੰਨਾ ਤਾਨਾਸ਼ਾਹੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਦੇ ਆਗੂ ਬੋਲਦੇ ਹਨ। ਸੋਸ਼ਲ ਮੀਡੀਆ 'ਤੇ ਸੱਚ ਨਹੀਂ ਝੂਠ ਤੇ ਹਿੰਸਾ ਦਾ ਬੋਲਬਾਲਾ ਹੈ। ਤਾਨਾਸ਼ਾਹੀ ਪਾਖੰਡੀਆਂ ਦਾ ਮੁਕਾਬਲਾ ਇੱਕ ਸਪੱਸ਼ਟ ਏਜੰਡਾ ਤੈਅ ਕਰਕੇ ਜਨਤਾ ਵਿੱਚ ਜਾ ਕੇ ਹੀ ਕੀਤਾ ਜਾ ਸਕਦਾ ਹੈ।

ਅੱਜ ਸੋਸ਼ਲ ਮੀਡੀਆ ਸੂਚਨਾਵਾਂ ਦੇ ਅਦਾਨ-ਪ੍ਰਦਾਨ ਦਾ ਸ਼ਕਤੀਸ਼ਾਲੀ ਜ਼ਰੀਆ ਬਣ ਚੁੱਕਾ ਹੈ। ਇਸ ਦੇ ਨਾਲ ਹੀ ਉਹ ਲੋਕਾਂ ਨੂੰ ਗੁੰਮਰਾਹ, ਪ੍ਰਭਾਵਤ ਤੇ ਸੰਮੋਹਿਤ ਕਰਨ ਦਾ ਇੱਕ ਵਿਨਾਸ਼ਕਾਰੀ ਹਥਿਆਰ ਵੀ ਬਣ ਚੁੱਕਾ ਹੈ। ਹਾਲਤ ਇੱਥੋਂ ਤੱਕ ਪਹੁੰਚ ਚੁੱਕੇ ਹਨ ਕਿ ਸਹੀ ਜਾਣਕਾਰੀਆਂ ਉੱਤੇ ਲੋਕਾਂ ਨੇ ਭਰੋਸਾ ਕਰਨਾ ਬੰਦ ਕਰ ਦਿੱਤਾ ਹੈ। ਦੁਨੀਆ ਭਰ ਦੀਆਂ ਉਨ੍ਹਾਂ ਸ਼ਕਤੀਆਂ, ਜਿਨ੍ਹਾਂ ਦੀ ਹੋਂਦ ਹੀ ਦੁਰਪ੍ਰਚਾਰ ਤੇ ਅਫ਼ਵਾਹਾਂ ਉੱਤੇ ਟਿਕੀ ਹੋਈ ਹੈ, ਲਈ ਸੋਸ਼ਲ ਮੀਡੀਆ ਅਨਮੋਲ ਸ਼ਕਤੀ ਹੈ। ਇਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਅਭਾਸ ਹੋ ਗਿਆ ਸੀ ਕਿ ਹੁਣ ਉਨ੍ਹਾਂ ਦਾ ਸਮਾਂ ਆਉਣ ਵਾਲਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਤਾਨਾਸ਼ਾਹੀ ਸਰਕਾਰਾਂ ਦਾ ਬਣ ਜਾਣਾ ਕੋਈ ਇਤਫਾਕ ਨਹੀਂ, ਸੋਸ਼ਲ ਮੀਡੀਆ ਦੀ ਤਾਕਤ ਦਾ ਸਿੱਟਾ ਹੈ। ਦੁਨੀਆ ਦੀ ਇਹ ਸਥਿਤੀ ਹੋਰ ਕਿੰਨਾ ਚਿਰ ਬਣੀ ਰਹੇਗੀ, ਇਸ ਬਾਰੇ ਹਾਲੇ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਪਰ ਲੋਕਤੰਤਰ ਲਈ ਇਹ ਦੌਰ ਬੇਹੱਦ ਬੁਰਾ ਰਹਿਣ ਵਾਲਾ ਹੈ।

-ਚੰਦ ਫਤਿਹਪੁਰੀ

ਜੀਨ ਸੋਧੀਆਂ ਫ਼ਸਲਾਂ ਵਿਰੁੱਧ ਜਨਤਕ ਲਹਿਰ ਉਸਾਰਨ ਦੀ ਲੋੜ



ਪਵਨ ਕੁਮਾਰ ਕੌਸ਼ਲ

ਹੈਨਰੀ ਕਸਿੰਜਰ ਨੇ ਕਿਹਾ ਸੀ, 'ਤੇਲ ਉਪਰ ਕਬਜ਼ਾ ਕਰੋ, ਦੁਨੀਆ ਉੱਪਰ ਕਬਜ਼ਾ ਕਰ ਲੋ ਅਤੇ ਭੋਜਨ ਉਪਰ ਕਬਜ਼ਾ ਕਰੋ, ਮਨੁੱਖਤਾ ਉਪਰ ਕਬਜ਼ਾ ਕਰ ਲੋ।' ਇਨ੍ਹਾਂ ਦੋਨੋਂ ਗੱਲਾਂ ਨੂੰ ਲੈ ਕੇ ਅੱਜ ਵਿਸ਼ਵ ਭਰ ਦੀਆਂ ਸਾਮਰਾਜਵਾਦੀ ਬਹੁ-ਰਾਸ਼ਟਰੀ ਕੰਪਨੀਆਂ ਵਿਸ਼ਵ ਭਰ ਦੇ ਤੇਲ ਤੇ ਗੈਸ ਦੇ ਕੁਦਰਤੀ ਭੰਡਾਰਾਂ ਉਪਰ ਕੰਟਰੋਲ ਨੂੰ ਲੈ ਕੇ ਆਪਣੇ ਸਾਮਰਾਜਵਾਦੀ ਆਕਾਵਾਂ ਨੂੰ ਲੈ ਕੇ ਇਨ੍ਹਾਂ ਸਰੋਤਾਂ ਦੇ ਮਾਲਕ ਦੇਸ਼ਾਂ ਵਿਰੁੱਧ ਜੰਗਾਂ ਛੇੜ ਕੇ ਆਪਣੀਆਂ ਸ਼ਰਤਾਂ ਮੰਨਵਾ ਕੇ ਉਨ੍ਹਾਂ ਦੇ ਤੇਲ ਭੰਡਾਰਾਂ ਉਪਰ ਕੰਟਰੋਲ ਕਰ ਰਹੀਆਂ ਹਨ।

ਮਾਨਵਤਾ ਨੂੰ ਗੁਲਾਮ ਬਣਾਉਣ ਲਈ ਹੁਣ ਮਨੁੱਖੀ ਭੋਜਨ ਉਪੱਰ ਕਬਜ਼ੇ ਲਈ ਮੁਹਿੰਮ ਚਲਾਈ ਹੋਈ ਹੈ। ਸੰਯੁਕਤ ਰਾਸ਼ਟਰ ਅਧੀਨ ਕੰਮ ਕਰਦੀਆਂ ਵਿਸ਼ਵ ਸੰਸਥਾਵਾਂ; ਜਿਵੇਂ ਵਿਸ਼ਵ ਮੁਦਰਾ ਕੋਸ਼, ਵਿਸ਼ਵ ਵਪਾਰ ਸੰਸਥਾ, ਵਿਸ਼ਵ ਸਿਹਤ ਸੰਸਥਾ ਅਤੇ ਮਾਨਵਤਾ ਦੀ ਬਰਾਬਰੀ ਦਾ ਨਾਹਰਾ ਦੇ ਕੇ ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਦੀ ਸਹਾਇਤਾ ਲਈ ਸਾਹਮਣੇ ਆਈ ਸੰਸਥਾ 'ਵਿਸ਼ਵ ਆਰਥਕ ਮੰਚ' ਲੋਕਾਂ ਨੂੰ ਗੁੰਮਰਾਹ ਕਰਨ ਲਈ ਆਪਣੀਆਂ ਸਾਜ਼ਿਸ਼ਾਂ ਰਚ ਰਹੀ ਹੈ।

ਉਪਰੋਕਤ ਸੰਸਥਾਵਾਂ ਭੋਜਨ ਉਪਰ ਕੰਟਰੋਲ ਕਰਨ ਲਈ ਮਨੁੱਖਾਂ, ਜੀਵਾਂ, ਵਾਤਾਵਰਨ ਅਤੇ ਧਰਤੀ ਲਈ ਨੁਕਸਾਨਦੇਹ ਜੀਨ ਸੋਧੀਆਂ ਫਸਲਾਂ ਨੂੰ ਉਤਸ਼ਾਹਤ ਕਰ ਰਹੀਆਂ ਹਨ। ਅਨਾਜ ਦੀ ਆਉਣ ਵਾਲੇ ਸਮੇਂ ਵਿੱਚ ਬਨਾਵਟੀ ਥੁੜ੍ਹ ਦਿਖਾ ਕੇ ਲੋਕਾਂ ਨੂੰ ਜੀਨ ਸੋਧੇ (ਜੀਨੈਟੀਕਲੀ ਮੋਡੀਫਾਈਡ) ਬੀਜ ਅਤੇ ਫਸਲਾਂ ਦੀ ਵਰਤੋਂ ਕਰਨ ਲਈ ਅਖੌਤੀ ਫਾਇਦੇ ਦੱਸ ਰਹੀਆਂ ਹਨ।

ਭਾਰਤ ਨੂੰ ਅਚਾਨਕ ਜੀਨ ਸੋਧੇ ਬੀਜਾਂ ਦੇ ਕੰਟਰੋਲ ਤੋਂ ਮੁਕਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਨੈਤਿਕਤਾ ਅਤੇ ਵਿਗਿਆਨਕ ਤਰਕ ਦੇ ਬਿਨਾਂ, ਵਿਨਾਸ਼ਕਾਰੀ ਅਤੇ ਚਿੰਤਾਜਨਕ ਹੈ। ਭਾਰਤ ਸਰਕਾਰ ਨੇ ਪਹਿਲਾਂ ਬੀ ਟੀ ਕਾਟਨ ਅਤੇ ਹੁਣ ਜੀਨ ਸੋਧੀ ਸਰ੍ਹੋਂ ਭਾਰਤ ਵਿੱਚ ਪੈਦਾ ਕਰਨ ਦੀ ਆਗਿਆ ਦੇ ਦਿੱਤੀ ਹੈ। ਜੀ ਐੱਮ ਸਰ੍ਹੋਂ ਦੇ ਵਿਰੋਧ ਵਿੱਚ ਅਵਾਜ਼ਾਂ ਉੱਠਣ ਲੱਗ ਪਈਆਂ ਹਨ।

ਮਹਿਲਾ ਕਿਸਾਨ ਯੂਨੀਅਨ ਨੇ ਕਿਹਾ ਹੈ ਕਿ ਜੀ ਐੱਮ ਸਰ੍ਹੋਂ ਦੀ ਆਗਿਆ ਦੇਣਾ ਇੱਕ ਘਾਤਕ ਫੈਸਲਾ, ਜਿਹੜਾ ਬਹੁ-ਰਾਸ਼ਟਰੀ ਕੰਪਨੀਆਂ ਦੁਆਰਾ ਚਲਾਈਆਂ ਜਾ ਰਹੀਆਂ ਬੀਜ ਕੰਪਨੀਆਂ ਦਾ ਏਕਾਧਿਕਾਰ ਸਥਾਪਤ ਕਰੇਗੀ ਅਤੇ ਇਸ ਨੂੰ ਮਨੁੱਖਾਂ, ਵਾਤਾਵਰਣ, ਜੈਵ ਵਿਭਿੰਨਤਾ ਅਤੇ ਖੇਤੀਬਾੜੀ ਲਈ ਖਤਰਨਾਕ ਅਤੇ ਅਸੁਰੱਖਿਅਤ ਕਰਾਰ ਦਿੱਤਾ ਅਤੇ ਮੰਗ ਕੀਤੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਜੀ ਐੱਮ ਸਰ੍ਹੋਂ ਦੀ ਫ਼ਸਲ ਨਾਲ ਕੀਤੇ ਜਾ ਰਹੇ ਤਜਰਬੇ ਨੂੰ ਤੁਰੰਤ ਰੱਦ ਕੀਤਾ ਜਾਵੇ।

ਵਿਗਿਆਨੀਆਂ ਨੇ ਜੀ ਐੱਮ ਸਰ੍ਹੋਂ 'ਤੇ ਇੰਡੀਅਨ ਕਾਊਂਸਲ ਆਫ ਐਗਰੀਕਲਚਰ ਰਿਸਰਚ ਦੇ 'ਮੂੰਹ ਬੰਦ ਰੱਖਣ ਦੇ ਹੁਕਮ' ਵਿਰੁੱਧ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਡਾਕਟਰੀ ਮਾਹਰਾਂ ਨੇ ਨਰਿੰਦਰ ਮੋਦੀ ਨੂੰ ਜੀ ਐੱਮ ਸਰ੍ਹੋਂ ਦੀ ਫਸਲ ਲਈ ਵਾਤਾਵਰਣ ਜਾਰੀ ਕਰਨ ਲਈ ਦਿੱਤੀ ਅਰਜ਼ੀ ਨੂੰ ਰੱਦ ਕਰਨ ਦੀ ਬੇਨਤੀ ਕਰਦਿਆਂ ਕਿਹਾ ਕਿ ਭਾਰਤ ਨੂੰ ਫਸਲ ਨਾਲ ਜੁੜੇ ਖਤਰਿਆਂ ਅਤੇ ਖਤਰਿਆਂ ਦਾ ਸਾਹਮਣਾ ਕਰਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

1990 ਦੇ ਦਹਾਕੇ ਦੇ ਅੱਧ ਤੱਕ ਭਾਰਤ ਖਾਣ ਵਾਲੇ ਤੇਲ ਵਿੱਚ ਅਸਲ ਵਿੱਚ ਸਵੈ-ਨਿਰਭਰ ਸੀ। ਫਿਰ ਦਰਾਮਦ ਦਰਾਂ ਘਟਾ ਦਿੱਤੀਆਂ ਗਈਆਂ, ਜਿਸ ਨਾਲ ਸਸਤੇ (ਸਬਸਿਡੀ ਵਾਲੇ) ਖਾਣ ਵਾਲੇ ਤੇਲ ਦੀ ਦਰਾਮਦ ਹੋਈ, ਜਿਸ ਦਾ ਘਰੇਲੂ ਕਿਸਾਨ ਮੁਕਾਬਲਾ ਨਹੀਂ ਕਰ ਸਕਦੇ ਸਨ। ਇਸ ਨੇ ਘਰੇਲੂ ਖਾਣ ਵਾਲੇ ਤੇਲ ਦੇ ਖੇਤਰ ਨੂੰ ਪ੍ਰਭਾਵੀ ਤੌਰ 'ਤੇ ਤਬਾਹ ਕਰ ਦਿੱਤਾ ਅਤੇ ਪਾਮ ਤੇਲ ਉਤਪਾਦਕਾਂ ਅਤੇ ਅਮਰੀਕੀ ਅਨਾਜ ਅਤੇ ਖੇਤੀਬਾੜੀ ਵਸਤੂਆਂ ਦੀ ਕੰਪਨੀ ਕਾਰਗਿਲ ਦੇ ਹਿੱਤਾਂ ਦੀ ਸੇਵਾ ਕੀਤੀ।

ਮੌਨਸੈਂਟੋ ਵਰਗੀਆਂ ਬਾਇਓ ਟੈਕਨਾਲੋਜੀ ਕੰਪਨੀਆਂ ਕਪਾਹ ਅਤੇ ਕਿਸਾਨ ਖੁਦਕੁਸ਼ੀਆਂ ਵਿਚਕਾਰ ਸਬੰਧ ਨੂੰ ਨਕਾਰਦੀਆਂ ਹਨ, ਪਰ ਸ੍ਰੀਮਤੀ ਵੰਦਨਾ ਨੇ ਕਿਹਾ ਕਿ ਬੀਟੀ ਕਪਾਹ ਮਿੱਟੀ ਨੂੰ ਵੀ ਨਸ਼ਟ ਕਰ ਰਹੀ ਹੈ। ਇੱਕ ਅੰਕੜੇ ਦਾ ਹਵਾਲਾ ਦਿੰਦੇ ਹੋਏ ਇਹ ਦਰਸਾਉਂਦਾ ਹੈ ਕਿ ਇਸ ਨੇ ਮਿੱਟੀ ਵਿੱਚ 26 ਫੀਸਦੀ ਸੂਖਮ ਜੀਵਾਣੂਆਂ ਨੂੰ ਨਸ਼ਟ ਕਰ ਦਿੱਤਾ ਹੈ।

1997 ਤੋਂ 2007 ਤੱਕ 1,82,000 ਤੋਂ ਵੱਧ ਭਾਰਤੀ ਕਿਸਾਨਾਂ ਨੇ ਫਸਲਾਂ ਦੀ ਅਸਫਲਤਾ ਅਤੇ ਮਹਿੰਗੇ ਕੀਟਨਾਸ਼ਕਾਂ ਅਤੇ ਜੀ ਐੱਮ ਕਪਾਹ ਦੇ ਬੀਜ ਖਰੀਦਣ ਕਾਰਨ ਬਹੁਤ ਜ਼ਿਆਦਾ ਕਰਜ਼ੇ ਦੀ ਮਾਰ ਨਾ ਝੱਲ ਸਕਣ ਕਾਰਨ ਖੁਦਕੁਸ਼ੀ ਕੀਤੀ ਹੈ।

ਭੋਜਨ ਦੀ ਪ੍ਰਭੂਸੱਤਾ ਸਾਡੇ ਜੀਵਨ, ਰੋਜ਼ੀ-ਰੋਟੀ ਅਤੇ ਸਿਹਤ ਉੱਤੇ ਪ੍ਰਭੂਸੱਤਾ ਹੈ। ਅਸੀਂ ਆਪਸ ਵਿੱਚ ਜੁੜੇ ਹੋਏ ਹਾਂ, ਇਸ ਲਈ ਭੋਜਨ ਪ੍ਰਭੂਸੱਤਾ ਦੂਜੇ ਜੀਵਨ ਰੂਪਾਂ ਦੇ ਨਾਲ ਸਹਿ-ਰਚਨਾ ਦੀ ਇੱਕ ਵਾਤਾਵਰਣਕ ਪ੍ਰਕਿਰਿਆ ਹੈ। ਇਹ ਬੀਜ ਦੀ ਪ੍ਰਭੂਸੱਤਾ ਨਾਲ ਸ਼ੁਰੂ ਹੁੰਦਾ ਹੈ। ਇਸ ਵਿੱਚ ਜ਼ਮੀਨ ਅਤੇ ਮਿੱਟੀ ਦੀ ਦੇਖਭਾਲ ਸ਼ਾਮਲ ਹੈ। ਜੇਕਰ ਅਸੀਂ ਮਿੱਟੀ ਦੇ ਜੀਵਾਂ ਨੂੰ ਭੋਜਨ ਨਹੀਂ ਦਿੰਦੇ ਤਾਂ ਸਾਡੇ ਕੋਲ ਭੋਜਨ ਦੀ ਪ੍ਰਭੂਸੱਤਾ ਨਹੀਂ ਹੋ ਸਕਦੀ।

ਭੋਜਨ ਦੀ ਪ੍ਰਭੂਸੱਤਾ ਜੈਵਿਕ ਖੇਤੀ, ਰਸਾਇਣਾਂ ਅਤੇ ਜ਼ਹਿਰਾਂ ਤੋਂ ਬਚਣ 'ਤੇ ਅਧਾਰਤ ਹੈ। ਭੋਜਨ ਪ੍ਰਭੂਸੱਤਾ ਵਿੱਚ ਗਿਆਨ ਦੀ ਪ੍ਰਭੂਸੱਤਾ, ਆਰਥਕ ਪ੍ਰਭੂਸੱਤਾ ਅਤੇ ਰਾਜਨੀਤਕ ਪ੍ਰਭੂਸੱਤਾ ਸ਼ਾਮਲ ਹੈ, ਭੋਜਨ ਜੋ ਅਸੀਂ ਖਾਂਦੇ ਹਾਂ ਮਾਇਨੇ ਰੱਖਦਾ ਹੈ। ਇਹ ਸਾਨੂੰ ਅਹਿਸਾਸ ਕਰਵਾਉਂਦਾ ਹੈ ਕਿ ਅਸੀਂ ਕੌਣ ਹਾਂ, ਸਰੀਰਕ, ਸੱਭਿਆਚਾਰਕ ਅਤੇ ਅਧਿਆਤਮਿਕ ਤੌਰ 'ਤੇ। ਵਿਸ਼ਵ ਭਰ ਦੇ ਸਥਾਨਕ ਕਿਸਾਨਾਂ ਲਈ ਵਧੇਰੇ ਭੋਜਨ ਪ੍ਰਭੂਸੱਤਾ, ਸਥਿਰਤਾ ਅਤੇ ਬੀਜ ਅਧਿਕਾਰਾਂ ਦੀ ਚੈਂਪੀਅਨਸ਼ਿਪ ਕਰਕੇ, ਸਿਵਾਏ ਸਾਨੂੰ ਇਹ ਯਾਦ ਦਿਵਾਉਣ ਲਈ ਦ੍ਰਿੜ੍ਹ ਹੈ ਕਿ 'ਭੋਜਨ ਅਤੇ ਸੱਭਿਆਚਾਰ ਜੀਵਨ ਦੀ ਮੁਦਰਾ ਹਨ' ਅਤੇ ਇਹ ਕਿ ਤੁਹਾਡੇ ਕੋਲ ਇੱਕ-ਦੂਜੇ ਤੋਂ ਬਿਨਾਂ ਨਹੀਂ ਹੋ ਸਕਦਾ।

ਇੱਕ ਪੌਦੇ ਦੇ ਸੈੱਲ ਵਿੱਚ ਇੱਕ ਨਵਾਂ ਜੀਨ ਜੋੜ ਕੇ ਅਜਿਹੀਆਂ ਕਾਰਪੋਰੇਸ਼ਨਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਬੀਜ, ਪੌਦੇ ਅਤੇ ਭਵਿੱਖ ਦੇ ਸਾਰੇ ਬੀਜਾਂ ਦੀ ਖੋਜ ਕੀਤੀ ਹੈ ਅਤੇ ਉਹਨਾਂ ਨੂੰ ਬਣਾਇਆ ਹੈ, ਜੋ ਹੁਣ ਉਹਨਾਂ ਦੀ ਜਾਇਦਾਦ ਬਣ ਗਏ ਹਨ। ਜੀਨ ਸੋਧੀਆਂ ਫਸਲਾਂ ਅਤੇ ਬੀਜਾਂ ਰਾਹੀਂ ਉਹ ਸਾਡੇ ਜੀਵਨ ਨੂੰ ਪੇਟੈਂਟ ਕਰਨਾ ਚਾਹੁੰਦੇ ਹਨ ਅਤੇ ਸਾਨੂੰ ਗੁਲਾਮ ਬਣਾਉਣ ਵੱਲ ਵਧ ਰਹੇ ਹਨ। ਉਹ ਬਿਨਾਂ ਜਾਂਚ ਕੀਤੇ ਇਸ ਨੂੰ ਜਾਰੀ ਕਰਨਾ ਚਾਹੁੰਦੇ ਹਨ ਅਤੇ ਉਹ ਇਸ ਆਦੇਸ਼ ਨੂੰ ਦੁਨੀਆ ਭਰ ਵਿੱਚ ਲਾਗੂ ਕਰਨਾ ਚਾਹੁੰਦੇ ਹਨ। ਅਫਰੀਕਾ

25-FEB-PAGE-5.qxd 2/24/2023 10:27 PM Page 1

ਮੁਫਤ ਕਣਕ ਨਾ ਮਿਲਣ 'ਤੇ ਪਰਵਾਰ ਸਮੇਤ ਡੀ ਸੀ ਦਫਤਰ ਅੱਗੇ ਧਰਨਾ

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਸਰਕਾਰ ਵੱਲੋਂ ਆਈ ਮੁਫਤ ਕਣਕ ਲੈਣ ਤੋਂ ਵਾਂਝੇ ਰਹਿ ਗਏ ਇੱਕ ਗਰੀਬ ਵਿਅਕਤੀ ਵੱਲੋਂ ਆਪਣੇ ਸਮੂਹ ਪਰਿਵਾਰ ਸਮੇਤ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਸਾਹਮਣੇ ਧਰਨਾ ਦਿੱਤਾ ਗਿਆ। ਇਸ ਮੌਕੇ ਪ੍ਰੇਮ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਨਵਾਂ ਸਲੇਮਸ਼ਾਹ ਨੇ ਦੱਸਿਆ ਕਿ ਉਹ ਬਹੁਤ ਗਰੀਬ ਹੈ ਤੇ ਰਿਕਸ਼ਾ ਚਲਾ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ। ਦੋ ਲੜਕੀਆਂ ਤੇ ਇੱਕ ਲੜਕੇ ਸਮੇਤ ਉਹ ਪੰਜ ਪਰਿਵਾਰਕ ਮੈਂਬਰ ਹਨ। ਗਰੀਬੀ ਕਾਰਨ ਉਹ ਸਰਕਾਰ ਵੱਲੋਂ ਆਈ ਮੁਫਤ ਕਣਕ ਲੈ ਕੇ ਆਪਣਾ ਪੇਟ ਪਾਲ ਰਹੇ ਹਨ। ਉਨ੍ਹਾਂ ਨੇ 24 ਦਸੰਬਰ 2022 ਨੂੰ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਸਰਕਾਰ ਵੱਲੋਂ ਆਈ ਮੁਫਤ ਕਣਕ ਲੈਣ ਲਈ ਪਿੰਡ ਨਵਾਂ ਸਲੇਮਸ਼ਾਹ ਦੇ ਡੀਪੂ ਹੋਲਡਰ ਪਾਸੋਂ ਇੱਕ ਰਸੀਦ ਕਟਵਾਈ ਸੀ। ਇਸ ਕੱਟੀ ਗਈ ਰਸੀਦ ਉਪਰ ਉਨ੍ਹਾਂ ਦੇ ਪਰਿਵਾਰ ਦੇ ਪੰਜ ਮੈਂਬਰਾਂ ਦੀ ਕੁੱਲ 75 ਕਿੱਲੋਗ੍ਰਾਮ ਕਣਕ ਲਿਖੀ ਹੋਈ ਸੀ। ਇਸ ਤੋਂ ਬਾਅਦ ਡਿੱਪੂ ਹੋਲਡਰ ਵੱਲੋਂ ਆਪਣੇ ਹੱਥ ਲਿਖਤ ਨਾਲ ਉਸ ਰਸੀਦ ਉਪਰ ਕੁੱਲ 65 ਕਿੱਲੋ ਕਣਕ ਲਿਖ ਦਿੱਤੀ ਗਈ। ਜਦੋਂ ਉਹ ਆਪਣੀ ਕਣਕ ਡਿੱਪੂ ਤੋਂ ਲੈਣ ਲਈ ਗਏ ਤਾਂ ਡਿੱਪੂ ਹੋਲਡਰ ਵੱਲੋਂ ਉਨ੍ਹਾਂ ਨੂੰ ਰਸੀਦ ਮੁਤਾਬਿਕ 75 ਕਿੱਲੋਗ੍ਰਾਮ ਕਣਕ ਨਹੀਂ ਦਿੱਤੀ ਗਈ। ਇਸ ਮਾਮਲੇ ਸਬੰਧੀ ਉਨ੍ਹਾਂ ਵੱਲੋਂ 29 ਦਸੰਬਰ 2022 ਨੂੰ ਫੂਡ ਸਪਲਾਈ ਵਿਭਾਗ ਦੇ ਡੀ.ਐੱਫ.ਐੱਸ.ਓ. ਨੂੰ ਲਿਖਤ ਦਰਖਾਸਤ ਦਿੱਤੀ ਗਈ, ਪਰ ਉਨ੍ਹਾਂ ਵੱਲੋਂ ਅਜੇ ਤੱਕ ਇਸ ਮਾਮਲੇ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਆਈ ਮੁਫਤ ਕਣਕ ਦੀ ਵੰਡ ਵਿੱਚ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਇਹ ਦੂਜੀ ਵਾਰ ਸਰੇਆਮ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਗਰੀਬਾਂ ਦੇ ਪੇਟ ਉੱਪਰ ਲੱਤ ਮਾਰੀ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਡੀ.ਐੱਫ.ਐੱਸ.ਓ. ਫਾਜ਼ਿਲਕਾ ਤੋਂ ਆਰ ਟੀ ਰਾਹੀਂ ਸੂਚਨਾ ਮੰਗੀ ਗਈ ਸੀ, ਪਰ ਉਹ ਸੂਚਨਾ ਵੀ ਨਾ ਤਾਂ ਸਮੇਂ 'ਤੇ ਦਿੱਤੀ ਗਈ ਅਤੇ ਨਾ ਹੀ ਪੂਰੀ ਦਿੱਤੀ ਗਈ ਹੈ, ਜਿਸ ਕਾਰਨ ਉਨ੍ਹਾਂ ਨੂੰ ਲਗਦਾ ਹੈ ਕਿ ਸਬੰਧਤ ਡਿੱਪੂ ਹੋਲਡਰ ਤੇ ਸਬੰਧਤ ਅਧਿਕਾਰੀਆਂ ਨਾਲ ਕਥਿਤ ਮਿਲੀਭਗਤ ਕਰਕੇ ਵੱਡੇ ਪੱਧਰ 'ਤੇ ਕਣਕ ਦਾ ਘੋਟਾਲਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀ ਬਣਦੀ ਕਣਕ ਉਨ੍ਹਾਂ ਨੂੰ ਦਿਲਵਾਈ ਜਾਵੇ ਤੇ ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਨਿਰਪੱਖ ਜਾਂਚ ਪੜਤਾਲ ਕੀਤੀ ਜਾਵੇ। ਇਸ ਤੋਂ ਇਲਾਵਾ ਸਬੰਧਤ ਫੂਡ ਇੰਸਪੈਕਟਰ ਤੇ ਡੀ.ਐੱਫ.ਐੱਸ.ਓ. ਉਪਰ ਵੀ ਵਿਭਾਗੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ ਤਾਂ ਉਨ੍ਹਾਂ ਵੱਲੋਂ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਜਦੋਂ ਸਬੰਧਤ ਫੂਡ ਇੰਸਪੈਕਟਰ ਗਗਨਦੀਪ ਗਾਂਧੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਸ ਵਾਰੀ ਸਰਕਾਰ ਵੱਲੋਂ ਹੀ ਕਰੀਬ 11 ਪ੍ਰਤੀਸ਼ਤ ਕਟੌਤੀ ਕਰਕੇ ਕਣਕ ਆਈ ਹੈ। ਉਨ੍ਹਾ ਕਿਹਾ ਕਿ ਉਨ੍ਹਾਂ ਵੱਲੋਂ ਸਾਰੇ ਡਿੱਪੂ ਹੋਲਡਰਾਂ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਕਣਕ ਵੰਡਣ ਲਈ ਕਿਹਾ ਗਿਆ ਸੀ। ਕੁੱਝ ਡਿੱਪੂ ਹੋਲਡਰਾਂ ਵੱਲੋਂ ਸਮੂਹ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਘੱਟ ਕਣਕ ਵੀ ਵੰਡੀ ਗਈ ਸੀ। ਇਸ ਦੇ ਬਾਵਜੂਦ ਜੇਕਰ ਕਿਸੇ ਨੂੰ ਇਤਰਾਜ਼ ਸੀ ਤਾਂ ਉਹ ਪੂਰੀ ਕਣਕ ਲੈ ਸਕਦਾ ਸੀ।

ਇਸ ਤੋਂ ਬਾਅਦ ਜਦੋਂ ਡੀ.ਐੱਫ.ਐੱਸ.ਓ. ਹਿਮਾਂਸ਼ੂ ਕੱਕੜ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਫੋਨ ਅਟੈਂਡ ਨਹੀਂ ਕੀਤਾ।

ਯੋਗ ਤੇ ਲੋੜਵੰਦ ਪਰਵਾਰਾਂ ਦੇ ਕੱਟੇ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਜਾਣ : ਚੌਹਾਨ

ਸੀ ਪੀ ਆਈ ਤੇ ਅਵਾਮੀ ਜਥੇਬੰਦੀਆਂ ਨੇ ਫੂਡ ਸਪਲਾਈ ਅਧਿਕਾਰੀ ਨੂੰ ਦਿੱਤਾ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)

ਬਦਲਾਅ ਦੀ ਆਸ ਨਾਲ ਬਣਾਈ ਗਈ ਆਮ ਪਾਰਟੀ ਦੀ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ ਕਾਰਨ ਹਰ ਵਰਗ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ ਅਤੇ ਸਰਕਾਰ ਪੀੜਤ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ। ਸਰਕਾਰੀ ਹੁਕਮਾਂ ਅਧਾਰਤ ਕੌਮੀ ਅਨਾਜ ਕਾਨੂੰਨ ਤਹਿਤ ਲਾਭਪਾਤਰੀਆਂ ਦੇ ਕਾਰਡਾਂ ਦੀ ਜੋ ਪੜਤਾਲ ਕਰਵਾਈ ਗਈ, ਉਹ ਨਿਰੋਲ ਯੋਗ ਤੇ ਲੋੜਵਦ ਪਰਿਵਾਰਾਂ 'ਤੇ ਕੁਹਾੜਾ ਚਲਾਇਆ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਕੱਟੇ ਰਾਸ਼ਨ ਕਾਰਡਾਂ ਨੂੰ ਬਹਾਲ ਕਰਾਉਣ ਲਈ ਜ਼ਿਲ੍ਹਾ ਫੂਡ ਸਪਲਾਈ ਅਫਸਰ ਮੁਨੀਸ਼ ਕੁਮਾਰ ਨੂੰ ਮੰਗ ਪੱਤਰ ਸੌਂਪਣ ਉਪਰੰਤ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਲੋੜਵੰਦ ਤੇ ਸ਼ਰਤਾਂ ਪੂਰੀਆਂ ਕਰਨ ਵਾਲੇ ਪਰਿਵਾਰਾਂ ਦੀ ਸਹੀ ਢੰਗ ਨਾਲ ਪੜਤਾਲ ਨਾ ਕਰਨ ਕਰਕੇ ਨਜ਼ਰ ਅੰਦਾਜ਼ ਕੀਤਾ ਹੈ ਤੇ ਲਾਭ ਦੇਣ ਤੋਂ ਵਾਂਝੇ ਕੀਤਾ ਗਿਆ ਹੈ।

ਸੀ ਪੀ ਆਈ ਸਬ ਡਵੀਜ਼ਨ ਦੇ ਸਕੱਤਰ ਰੂਪ ਢਿੱਲੋਂ, ਸ਼ਹਿਰੀ ਸਕੱਤਰ ਰਤਨ ਭੋਲਾ, ਮਜ਼ਦੂਰ ਆਗੂਆਂ ਸੁਖਦੇਵ ਪੰਧੇਰ, ਸੁਖਦੇਵ ਮਾਨਸਾ ਤੇ ਕਾਕਾ ਸਿੰਘ ਦੀ ਅਗਵਾਈ ਵਾਲੇ ਵਫਦ ਨੇ ਮੰਗ ਕੀਤੀ ਕਿ ਕੱਟੇ ਕਾਰਡਾਂ ਨੂੰ ਤੁਰੰਤ ਬਹਾਲ ਕਰਕੇ ਅਨਾਜ ਮੁਹੱਈਆ ਕਰਵਾਇਆ ਜਾਵੇ। ਇਸ ਸਮੇਂ ਕਾਮਰੇਡ ਕਪੂਰ ਸਿੰਘ ਕੋਟਲੱਲੂ, ਦਰਸ਼ਨ ਮਾਨਸ਼ਾਹੀਆ ਤੇ ਹਰਪ੍ਰੀਤ ਮਾਨਸਾ ਨੇ ਪੀੜਤਾਂ ਨੂੰ ਇਨਸਾਫ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਇਨ੍ਹਾਂ ਨੂੰ ਨਿਆਂ ਨਾ ਦਿੱਤਾ ਗਿਆ ਤਾਂ ਸੀ ਪੀ ਆਈ ਤੇ ਅਵਾਮੀ ਜਥੇਬੰਦੀਆਂ ਦੇ ਸਹਿਯੋਗ ਨਾਲ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਉਧਰ ਦੂਜੇ ਪਾਸੇ ਜ਼ਿਲ੍ਹਾ ਫੂਡ ਸਪਲਾਈ ਅਫਸਰ ਨੇ ਵਫਦ ਤੋਂ ਮੰਗ ਪੱਤਰ ਲੈਂਦਿਆਂ ਮਸਲੇ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ।

ਗੁਰੂ ਗੋਬਿੰਦ ਸਿੰਘ ਰਿਫਾਇਨਰੀ 'ਚ ਭਿਆਨਕ ਅੱਗ ਲੱਗਣ ਨਾਲ ਕਰੋੜਾਂ ਦਾ ਨੁਕਸਾਨ

ਤਲਵੰਡੀ ਸਾਬੋ/ਰਾਮਾਂ ਮੰਡੀ (ਜਗਦੀਪ ਗਿੱਲ)

ਸ਼ੁੱਕਰਵਾਰ ਸਵੇਰੇ 5.30 ਵਜੇ ਦੇ ਕਰੀਬ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੇ ਕਰੈਕਰ ਯੂਨਿਟ ਦੇ ਤੇਲ ਪੰਪ ਨੇੜੇ ਤੇਲ ਲੀਕ ਹੋਣ ਕਾਰਨ ਭਿਆਨਕ ਅੱਗ ਲੱਗਣ ਨਾਲ ਨੇੜੇ ਦੇ ਇਲਾਕੇ ਵਿੱਚ ਧੂੰਏਂ ਦਾ ਗੁਬਾਰ ਬਣ ਗਿਆ, ਜਿਸ ਨਾਲ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਪੇਸ਼ ਆਈ। ਸਮਾਚਾਰ ਲਿਖੇ ਜਾਣ ਤੱਕ ਭਾਵੇਂ ਕਿਸੇ ਜਾਨੀ ਨੁਕਸਾਨ ਦਾ ਸਮਾਚਾਰ ਨਹੀਂ ਮਿਲਿਆ, ਪਰ ਬਹੁਤ ਭਾਰੀ ਮਾਲੀ ਨੁਕਸਾਨ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਅੱਗ ਵਾਲੀ ਜਗ੍ਹਾ ਤੋਂ ਵੱਡੀ ਮਾਤਰਾ ਵਿੱਚ ਧੂੰਆਂ ਉੱਠ ਰਿਹਾ ਸੀ। ਅੱਗ ਲੱਗਦੇ ਹੀ ਰਿਫਾਇਨਰੀ ਅੰਦਰ ਮੁਲਾਜ਼ਮਾਂ ਦੀ ਐਂਟਰੀ ਬੰਦ ਕਰ ਦਿੱਤੀ ਗਈ। ਐੱਚ ਐੱਮ ਈ ਐੱਲ ਦੀ ਅੱਗ ਬੁਝਾਊ ਐਮਰਜੈਂਸੀ ਟੀਮ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਉਣਾ ਸ਼ੁਰੂ ਕਰ ਦਿੱਤਾ। ਇਸ ਘਟਨਾ ਦੀ ਸੂਚਨਾ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਦਿੱਤੀ ਗਈ, ਪਰ ਸਮਾਚਾਰ ਲਿਖੇ ਜਾਣ ਤੱਕ ਰਿਫਾਇਨਰੀ ਪੁਲਸ ਚੌਕੀ ਦੇ ਇੰਚਾਰਜ ਬੇਅੰਤ ਸਿੰਘ ਆਪਣੀ ਟੀਮ ਸਮੇਤ ਅਤੇ ਆਈ ਆਰ ਬੀ ਦੀ ਸਬ ਇੰਸਪੈਕਟਰ ਬਿਮਲਾ ਕੌਰ ਤੋਂ ਇਲਾਵਾ ਕੋਈ ਉੱਚ ਅਧਿਕਾਰੀ ਮੌਕੇ ਦਾ ਜਾਇਜ਼ਾ ਲੈਣ ਨਹੀਂ ਪਹੁੰਚਿਆ। ਅੱਗ 'ਤੇ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਕਾਬੂ ਪਾ ਲਿਆ ਗਿਆ, ਪਰ ਅੱਗ ਲੱਗਣ ਵਾਲੀ ਥਾਂ 'ਤੇ ਅਜੇ ਵੀ ਧੂੰਆਂ ਨਿਕਲਣਾ ਜਾਰੀ ਸੀ। ਅੱਗ ਲੱਗਣ ਤੋਂ ਬਾਅਦ ਯੂਨਿਟ ਨੂੰ ਬੰਦ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਹੋਰ ਯੂਨਿਟਾਂ 'ਤੇ ਅੱਗ ਦਾ ਕੋਈ ਪ੍ਰਭਾਵ ਨਹੀਂ ਹੈ। ਰਿਫਾਇਨਰੀ ਦੇ ਮੁਲਾਜ਼ਮ ਡਿਊਟੀ 'ਤੇ ਜਾਣ ਲਈ ਅੱਗ ਬੁਝਣ ਦਾ ਗੇਟ ਦੇ ਬਾਹਰ ਇੰਤਜ਼ਾਰ ਕਰ ਰਹੇ ਸਨ।

■ ਰਿਫਾਇਨਰੀ ਨੇ ਬੰਦ ਕੀਤੀ ਮੁਲਾਜ਼ਮਾਂ ਦੀ ਐਂਟਰੀ

ਬੀ ਡੀ ਪੀ ਓ ਦਫਤਰ ਅੱਗੇ ਮੰਗਾਂ ਨੂੰ ਲੈ ਕੇ ਝੋਕ ਟਹਿਲ ਸਿੰਘ ਵਾਸੀਆਂ ਵੱਲੋਂ ਧਰਨਾ

ਸੁਪਰਿੰਟੈਂਡੈਂਟ ਨੇ ਮੰਗ ਪੱਤਰ ਲੈ ਕੇ ਸੋਮਵਾਰ ਤੱਕ ਮੰਗਾਂ ਮੰਨਣ ਦਾ ਦਿੱਤਾ ਭਰੋਸਾ

ਮਮਦੋਟ (ਜਸਬੀਰ ਸਿੰਘ ਕੰਬੋਜ)-ਬੀ ਡੀ ਪੀ ਓ ਦਫਤਰ ਮਮਦੋਟ ਵਿੱਚ ਫੈਲੇ ਭ੍ਰਿਸ਼ਟਾਚਾਰ, ਪਿੰਡਾਂ 'ਚ ਨਰੇਗਾ ਮਜ਼ਦੂਰਾਂ ਵੱਲੋਂ ਕੀਤੇ ਕੰਮ ਦੇ ਬਦਲੇ ਦੋ-ਤਿੰਨ ਮਹੀਨਿਆਂ ਤੋਂ ਮਜ਼ਦੂਰੀ ਨਾ ਮਿਲਣ ਅਤੇ ਅਜਿਹੀਆਂ ਹੋਰ ਕਈ ਹੱਕੀ ਮੰਗਾਂ ਨੂੰ ਲੈ ਕੇ ਸਾਰਜ ਸਿੰਘ ਸਰਪੰਚ ਝੋਕ ਟਹਿਲ ਸਿੰਘ ਦੀ ਅਗਵਾਈ 'ਚ ਨਰੇਗਾ ਮਜ਼ਦੂਰਾਂ ਤੇ ਹੋਰ ਪਿੰਡ ਵਾਸੀਆਂ ਵੱਲੋਂ ਬੀ ਡੀ ਪੀ ਓ ਦਫਤਰ ਮਮਦੋਟ ਸਾਹਮਣੇ ਰੋਸ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸਰਪੰਚ ਸਾਰਜ ਸਿੰਘ ਨੇ ਕਿਹਾ ਕਿ ਇਸ ਦਫਤਰ ਵਿੱਚ ਕਥਿਤ ਰਿਸ਼ਵਤ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਹੁੰਦਾ ਤੇ ਰਿਸ਼ਵਤ ਨਾ ਦੇਣ 'ਤੇ ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਦੇ ਲਾਗਤ ਕੀਮਤ ਤੋਂ ਬਹੁਤ ਘੱਟ ਕੀਮਤ ਦੇ ਐਸਟੀਮੇਟ ਲਗਾਏ ਜਾਂਦੇ ਹਨ, ਜਿਸ ਕਾਰਨ ਸਰਪੰਚਾਂ ਨੂੰ ਆਰਥਿਕ ਨੁਕਸਾਨ ਸਹਿਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਰਾਹੀਂ ਪਿੰਡਾਂ ਵਿੱਚ ਬਣਾਏ ਜਾ ਰਹੇ ਮਕਾਨਾਂ ਦੀ ਕੁੱਲ 75 ਕਿੱਲੋਗ੍ਰਾਮ ਕਣਕ ਲਿਖੀ ਹੋਈ ਸੀ। ਇਸ ਤੋਂ ਬਾਅਦ ਡਿੱਪੂ ਹੋਲਡਰ ਵੱਲੋਂ ਆਪਣੇ ਹੱਥ ਲਿਖਤ ਨਾਲ ਉਸ ਰਸੀਦ ਉਪਰ ਕੁੱਲ 65 ਕਿੱਲੋ ਕਣਕ ਲਿਖ ਦਿੱਤੀ ਗਈ। ਜਦੋਂ ਉਹ ਆਪਣੀ ਕਣਕ ਡਿੱਪੂ ਤੋਂ ਲੈਣ ਲਈ ਗਏ ਤਾਂ ਡਿੱਪੂ ਹੋਲਡਰ ਵੱਲੋਂ ਉਨ੍ਹਾਂ ਨੂੰ ਰਸੀਦ ਮੁਤਾਬਿਕ 75 ਕਿੱਲੋਗ੍ਰਾਮ ਕਣਕ ਨਹੀਂ ਦਿੱਤੀ ਗਈ। ਇਸ ਮਾਮਲੇ ਸਬੰਧੀ ਉਨ੍ਹਾਂ ਵੱਲੋਂ 29 ਦਸੰਬਰ 2022 ਨੂੰ ਫੂਡ ਸਪਲਾਈ ਵਿਭਾਗ ਦੇ ਡੀ.ਐੱਫ.ਐੱਸ.ਓ. ਨੂੰ ਲਿਖਤ ਦਰਖਾਸਤ ਦਿੱਤੀ ਗਈ, ਪਰ ਉਨ੍ਹਾਂ ਵੱਲੋਂ ਅਜੇ ਤੱਕ ਇਸ ਮਾਮਲੇ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਆਈ ਮੁਫਤ ਕਣਕ ਦੀ ਵੰਡ ਵਿੱਚ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਇਹ ਦੂਜੀ ਵਾਰ ਸਰੇਆਮ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਗਰੀਬਾਂ ਦੇ ਪੇਟ ਉੱਪਰ ਲੱਤ ਮਾਰੀ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਡੀ.ਐੱਫ.ਐੱਸ.ਓ. ਫਾਜ਼ਿਲਕਾ ਤੋਂ ਆਰ ਟੀ ਰਾਹੀਂ ਸੂਚਨਾ ਮੰਗੀ ਗਈ ਸੀ, ਪਰ ਉਹ ਸੂਚਨਾ ਵੀ ਨਾ ਦੀ ਰਾਸ਼ੀ ਵੀ ਸਮੇਂ ਸਿਰ ਲਾਭਪਾਤਰੀਆਂ ਨੂੰ ਨਹੀਂ ਦਿੱਤੀ ਜਾ ਰਹੀ। ਧਰਨਾਕਾਰੀਆਂ ਵੱਲੋਂ ਦਫਤਰ ਦਾ ਮੁੱਖ ਦਰਵਾਜ਼ਾ ਬੰਦ ਕਰ ਦਿੱਤਾ ਗਿਆ, ਜਿਸ ਕਾਰਨ ਬੀ ਡੀ ਪੀ ਓ ਦਫਤਰ ਦੇ ਸਟਾਫ ਦੇ ਨਾਲ ਨਾਲ ਇਸ ਮੁੱਖ ਦਰਵਾਜ਼ੇ ਦੇ ਅੰਦਰ ਬਣੇ ਬਲਾਕ ਸਿੱਖਿਆ ਦਫਤਰ ਤੇ ਆਂਗਣਵਾੜੀ ਦਫਤਰ ਦੇ ਮੁਲਾਜ਼ਮਾਂ ਨੂੰ ਵੀ ਬਿਲਡਿੰਗ ਦੀ ਚਾਰਦੀਵਾਰੀ ਦੇ ਅੰਦਰ ਇੱਕ ਕਿਸਮ ਦਾ ਕੈਦ ਹੋ ਜਾਣ ਕਾਰਨ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਣਾ ਪਿਆ।

ਪੱਖ ਜਾਨਣ ਵਾਸਤੇ ਪੱਤਰਕਾਰਾਂ ਵੱਲੋਂ ਵਾਰ-ਵਾਰ ਫੋਨ ਕਰਨ 'ਤੇ ਵੀ ਬੀਡੀਪੀਓ ਮਮਦੋਟ ਵੱਲੋਂ ਫੋਨ ਚੁੱਕਣਾ ਮੁਨਾਸਬ ਨਹੀਂ ਸਮਝਿਆ ਗਿਆ। ਲੱਗਪੱਗ ਚਾਰ-ਪੰਜ ਘੰਟੇ ਧਰਨਾ ਜਾਰੀ ਰਹਿਣ ਮਗਰੋਂ ਸੁਬਾਸ਼ ਚੰਦਰ ਸੁਪਰਿੰਟੈਂਡੈਂਟ ਨੇ ਮੰਗ ਪੱਤਰ ਲੈਂਦਿਆਂ ਸੋਮਵਾਰ ਤੱਕ ਬਲਾਕ ਪੰਚਾਇਤ ਅਫਸਰ ਦੇ ਆਉਣ 'ਤੇ ਸਾਰੀਆਂ ਮੰਗਾਂ 'ਤੇ ਵਿਚਾਰ ਕਰਕੇ ਹੱਲ ਕਰਨ ਭਰੋਸਾ ਦਿੱਤਾ, ਜਿਸ ਤੋਂ ਬਾਅਦ ਧਰਨਾਕਾਰੀਆਂ ਨੇ ਆਪਣਾ ਧਰਨਾ ਚੁੱਕ ਲਿਆ। ਧਰਨੇ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਰਜ ਸਿੰਘ ਸਰਪੰਚ ਝੋਕ ਟਹਿਲ ਸਿੰਘ ਨੇ ਦੱਸਿਆ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਕੁਝ ਦਿਨਾਂ ਬਾਅਦ ਵੱਡਾ ਐਕਸ਼ਨ ਕਰਦੇ ਹੋਏ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ ਬੰਦ ਕੀਤਾ ਜਾਵੇਗਾ।

ਪ੍ਰਾਇਮਰੀ ਸਕੂਲਾਂ 'ਚ ਦਾਖ਼ਲਾ ਮੁਹਿੰਮ ਨੂੰ ਭਰਵਾਂ ਹੁੰਗਾਰਾ

ਕੋਟ ਈਸੇ ਖਾਂ (ਅਰੋੜਾ)

ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸੈਸ਼ਨ 2023-24 ਦੇ ਦਾਖ਼ਲੇ ਸੰਬੰਧੀ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਮੋਬਾਇਲ ਵੈਨ ਕੰਪੇਨ ਚਲਾਈ ਜਾ ਰਹੀ ਹੈ।

ਇਸ ਤਹਿਤ ਜ਼ਿਲ੍ਹਾ ਮੋਗਾ ਦੀ ਦਾਖ਼ਲਾ ਮੁਹਿੰਮ ਮੋਬਾਇਲ ਵੈਨ ਦਾ ਬਲਾਕ ਧਰਮਕੋਟ-2 ਦੇ ਬਲਾਕ ਪ੍ਰ

page-6-25 Feb-2023-(SM).qxd 2/24/2023 10:37 PM Page 1

ਸਾਬਕਾ ਵਿਧਾਇਕ ਦੀ ਕੁੱਟਮਾਰ, 50 ਲੱਖ ਮੰਗੀ ਫਿਰੌਤੀ

ਬਰੇਟਾ (ਗੀਤਵਾਲ)-ਬੁਢਲਾਡਾ ਹਲਕੇ ਦੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ ਤੋਂ 4 ਅਣਪਛਾਤੇ ਨੌਵਾ ਕਾਰ ਸਵਾਰ ਵਿਅਕਤੀਆਂ ਵੱਲੋਂ 50 ਲੱਖ ਰੁਪਏ ਦੀ ਫਿਰੌਤੀ ਮੰਗਣ ਤੇ ਕੁੱਟਮਾਰ ਕਰਕੇ ਜ਼ਖਮੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਜਿਸ ਨੂੰ ਜ਼ਖਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਬੁਢਲਾਡਾ ਵਿਖੇ ਦਾਖਲ ਕਰਵਾਇਆ ਗਿਆ। ਜ਼ੇਰੇ ਇਲਾਜ ਬਾਂਸਲ ਨੇ ਦੱਸਿਆ ਕਿ ਉਹ ਆਪਣੇ ਸਕੂਲ ਦੇ ਦਫਤਰ ਵਿੱਚ ਬੈਠੇ ਸਨ ਤਾਂ ਕੁਝ ਅਣਪਛਾਤੇ ਵਿਅਕਤੀ ਮੇਰੇ ਦਫਤਰ ਵਿੱਚ ਦਾਖਲ ਹੋਏ ਅਤੇ ਅੰਦਰੋਂ ਕੁੰਡੀ ਲਗਾ ਕੇ ਮੇਰੀ ਕੁੱਟਮਾਰ ਕਰਨ ਲੱਗੇ ਅਤੇ ਮੇਰਾ ਮੋਬਾਇਲ ਤੋੜਨ ਤੋਂ ਬਾਅਦ 50 ਲੱਖ ਰੁਪਏ ਦੀ ਮੰਗ ਕਰਨ ਲੱਗੇ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਇਸ ਸੰਬੰਧੀ ਪੁਲਸ ਨੂੰ ਦੱਸਿਆ ਤਾਂ ਤੁਹਾਨੂੰ ਜਾਨੋਂ ਮਾਰ ਦਿੱਤਾ ਜਾਵੇਗਾ ਅਤੇ 2 ਦਿਨਾਂ ਬਾਅਦ ਸਾਡਾ ਆਦਮੀ ਤੁਹਾਡੇ ਕੋਲੋਂ ਆ ਕੇ 50 ਲੱਖ ਰੁਪਏ ਲੈ ਜਾਵੇਗਾ ਜਿਸ 'ਤੇ ਮੇਰੇ ਵੱਲੋਂ ਰੌਲਾ ਪਾਉਣ 'ਤੇ ਉਹ ਉਥੋਂ ਫਰਾਰ ਹੋ ਗਏ। ਪੁਲਸ ਨੇ ਉਪਰੋਕਤ ਘਟਨਾ ਤੋਂ ਬਾਅਦ ਜ਼ਿਲ੍ਹੇ 'ਚ ਨਾਕਾਬੰਦੀ ਕਰਕੇ ਨੌਵਾ ਸਵਾਰ ਵਿਅਕਤੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਅਤੇ ਆਸ-ਪਾਸ ਸੀਸੀਟੀਵੀ ਕੈਮਰਿਆਂ ਨੂੰ ਖੰਗਾਲਣਾ ਸ਼ੁਰੂ ਕਰ ਦਿੱਤਾ ਹੈ। ਘਟਨਾ ਵਾਲੀ ਜਗ੍ਹਾ ਦਾ ਜਾਇਜ਼ਾ ਲੈਣ ਲਈ ਡੀਐੱਸਪੀ ਨਵਨੀਤ ਕੌਰ ਗਿੱਲ, ਐੱਸਐੱਚਓ ਬਰੇਟਾ ਗੁਰਦਰਸ਼ਨ ਸਿੰਘ ਮਾਨ ਮੌਕੇ 'ਤੇ ਪਹੁੰਚੇ। ਉਧਰ ਦੂਜੇ ਪਾਸੇ ਸ਼ਹਿਰ ਵਿੱਚ ਸਾਬਕਾ ਵਿਧਾਇਕ 'ਤੇ ਹਮਲੇ ਨੂੰ ਲੈ ਕੇ ਜਿਓਂ ਹੀ ਖਬਰ ਅੱਗ ਦੀ ਤਰ੍ਹਾਂ ਫੈਲੀ ਤਾਂ ਲੋਕ ਹਸਪਤਾਲ ਅੰਦਰ ਦਾਖਲ ਹੋਣ ਲੱਗੇ। ਇਸ ਮੌਕੇ ਕਾਂਗਰਸੀ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਮਨੋਜ ਮੰਜੂ ਬਾਂਸਲ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰੇਮ ਸਿੰਘ ਦੋਦੜਾ, ਸ਼ੈਲਰ ਐਸੋਸੀਏਸ਼ਨ ਦੇ ਰਮੇਸ਼ ਕੁਮਾਰ ਟੈਣੀ ਆਦਿ ਵੱਡੀ ਗਿਣਤੀ 'ਚ ਸਮਰਥਕਾਂ ਵੱਲੋਂ ਉਪਰੋਕਤ ਘਟਨਾ ਦੀ ਨਿੰਦਾ ਕੀਤੀ ਗਈ।

TENDER NOTICE

Sealed tenders are invited by 27-02-2023 for the sale of SCRAP items - Bus Tyre, Bus Spare Parts, Iron Almirah, Raddi, Wooden, Iron, Aluminium, Plastic Items & other miscellaneous items (AS IS WHERE IS BASIS) in MGN Public School, Adarsh Nagar, Jalandhar (Punjab)

Phone: 0181- 2254463 / 64

PRINCIPAL

COURT NOTICE

(U/o 5 Rule 20 CPC)
In the Court of
Ms. Roopa Dhaliwal
Additional Civil Judge (Senior Division), Malerkotla
CNR No. PBSGC0-000193-2023
Next Date : 19-04-2023

Jaskaran Singh S/o Late Kamikar Singh S/o Nahar Singh R/o VPO Kup Kalan, Tehsil Ahmedgarh, Distt. Malerkotla.

Vs.

General Public
Publication Issued to :
General Public
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 19-04-2023 at 10.00 a.m.

For details logon to https:/highcourtchd.gov.in/?trs=district_notice&district=Sangrur.

Addl. Civil Judge (Senior Division), Malerkotla.
Dated, this day of 23-02-2023

COURT NOTICE

(U/o 5 Rule 20 CPC)
In the Court of
Ms. Roopa Dhaliwal,
Additional Civil Judge (Senior Division), Malerkotla.
CNR No. PBSGC0-001476-2018
Next Date : 24-03-2023

Bahadur Singh S/o Hari Singh R/o Village Phalound Kalan, Tehsil Ahmedgarh, Distt. Malerkotla.

Vs.

Mukhtiar Kaur M/o Jaswant Singh deceased S/o Gurcharan Singh Since deceased through his legal Heir.

Publication Issued to : 1 Sawarnjit Kaur W/o Bahadur Singh R/o Village Uchi Daud, Tehsil Payal, Distt. Ludhiana, 2. Nirmal Kaur @ Guddi W/o Gurmeet Singh R/o Village Jand, Tehsil Raikot Distt. Ludhiana.

In above titled case, the defendant (s)/respondent(s) could not be served. It is ordered that defendant(s)/respondent(s) should appear in person or through counsel on 24-03-2023 at 10.00 a.m.

For details logon to https://highcourtchd.gov.in/?trs=district_notice&district=Sangrur.

Additional Civil Judge (Senior Division), Malerkotla.
Dated, this day of 23-02-2023

COURT NOTICE

(U/o 5 Rule 20 CPC)
In the Court of
Sh. Ravi Inder Singh
Civil Judge (Senior Division), Rup Nagar
EXE/280/2019
CNR No. PBRO 02-001575-2019
Next Date : 18-03-2023

State Bank of India (SBI) having branches at different places including College Road, Rupnagar, Tehsil and Distt. Rupnagar Through its Chief Manager . Vs.

Sunil Kumar S/o Satish Kumar R/o H.No. 123, Giani Zail Singh Nagar Rupnagar Tehsil and Distt. Rupnagar.

Execution Under order 21 Rule 11 CPC

Publication Issued to : Sunil Kumar S/o Satish Kumar House No. 123, Giani Zail Singh Nagar Rupnagar.

In above titled case, the defendant (s)/respondent(s) could not be served. It is ordered that defendant (s) /respondent(s)should appear in person or through counsel on 18-03-2023 at 10.00 a.m.

For details logon to https://highcourtchd. gov.in./?trs=district_notice&district=ropar.

Civil Judge (Senior Division) Rupnagar.
Dated, this day of 22-02-2023

COURT NOTICE

(U/o 5 Rule 20 CPC)
In the Court of
Ms. Roopa Dhaliwal
Additional Civil Judge (Senior Division), Malerkotla
CNR No. PBSGC0-000497-2018
Next Date : 27-03-2023

Pardeep Singh Gill, aged 28 Years S/o Gurnam Singh R/o Village Jitwal Kalan, Tehsil Malerkotla, Distt. Sangrur.

Vs.

General Public
Publication Issued to :
General Public
Other :-
General Public, Punjab

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 27-03-2023 at 10.00 a.m.

For details logon to https:/highcourtchd.gov.in/?trs=district_notice&district=Sangrur.

Addl. Civil Judge (Senior Division), Malerkotla.
Dated, this day of 23-02-2023

COURT NOTICE

(U/o 5 Rule 20 CPC)
In the Court of
Sh. Ravi Inder Singh
Civil Judge (Senior Division), Rupnagar
CS/SS/2023 CNR No. PBRO02-000096-2023
Next Date : 16-03-2023

Jaswinder Singh Paras S/o Balvir Singh R/o Village Hussainpur, Tehsil and Distt. Rupnagar vs. General Publi

Suit for Declaration

Publication Issued to : General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 16-03-2023 at 10.00 a.m.

For details logon to https://highcourtchd.gov.in/?trs=district_notice&district=ropar.

Civil Judge (Senior Division), Rupnagar.
Dated, this day of 22-02-2023

COURT NOTICE

(U/o 5 Rule 20 CPC)
In the Court of
Sh. Parshant Verma
Civil Judge Senior Division, Faridkot
CNR No. PBFD 02-001510-2022
Next Date : 04-05-2023

Sunita vs. General Public

Petition U/S 8 of Hindu Minority and Guardianship Act.

Publication Issued to : General Public Faridkot

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04-05-2023 at 10.00 a.m.

For details logon to https://highcourtchd.gov.in/?trs=district_notice&district=Faridkot.

Civil Judge Senior Division, Faridkot.
Dated, this day of 23-02-2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਜਗਸੀਰ ਸਿੰਘ ਮਿੱਤਲ ਨਾਇਬ ਤਹਿਸੀਲਦਾਰ, ਰਾਜਾਸਾਂਸੀ ਅਤੇ ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ : ਦਰਖਾਸਤ ਬਰਾਏ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਗੁਰਮਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਪਿੰਡ ਅੱਡਾ ਕੁੱਕੜਵਾਲਾ, ਸਬ ਤਹਿਸੀਲ ਰਾਜਾ ਸਾਂਸੀ ਤਹਿਸੀਲ ਲੋਪੋਕੇ ਅਤੇ ਜ਼ਿਲ੍ਹਾ ਅੰਮ੍ਰਿਤਸਰ ਨੇ ਇਸ ਅਦਾਲਤ ਵਿੱਚ ਪੇਸ਼ ਹੋ ਕੇ ਦਰਖਾਸਤ ਦਿੱਤੀ ਹੈ ਕਿ ਉਸ ਦਾ ਨਾਂਅ ਗੁਰਮਨਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਸੀ ਅਤੇ ਉਸ ਦੇ ਨਾਂਅ 'ਤੇ ਜੋ ਵੀ ਜ਼ਮੀਨ ਪਿੰਡ ਹਰਸ਼ਾਛੀਨਾ ਵਿੱਚ ਹੈ। ਉਸ ਵਿੱਚ ਉਸ ਦਾ ਨਾਂਅ ਗੁਰਮਨਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਚੱਲਦਾ ਆ ਰਿਹਾ ਹੈ। ਜਦਕਿ ਉਸ ਨੇ ਬਾਅਦ ਵਿੱਚ ਆਪਣਾ ਨਾਂਅ ਗੁਰਮਨਿੰਦਰ ਸਿੰਘ ਤੋਂ ਬਦਲ ਕੇ ਗੁਰਮਿੰਦਰ ਸਿੰਘ ਰੱਖ ਲਿਆ ਹੈ। ਉਸ ਦਾ ਸਾਰੇ ਦਸਤਾਵੇਜ਼ਾਂ ਜਿਵੇਂ ਕਿ ਅਧਾਰ ਕਾਰਡ, ਪੈਨ ਕਾਰਡ ਆਦਿ ਵਿੱਚ ਉਸ ਦਾ ਨਾਂਅ ਗੁਰਮਿੰਦਰ ਸਿੰਘ ਪੁੱਤਰ ਜਸਵਿੰਦਰ ਸਿੰਘ ਹੋ ਚੁੱਕਾ ਹੈ। ਉਸ ਦਾ ਨਾਂਅ ਮਾਲ ਰਿਕਾਰਡ ਵਿੱਚ ਗੁਰਮਨਿੰਦਰ ਸਿੰਘ ਤੋਂ ਬਦਲ ਕੇ ਗੁਰਮਿੰਦਰ ਸਿੰਘ ਕੀਤਾ ਜਾਵੇ। ਪੰਜਾਬ ਸਰਕਾਰ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੋਂ ਮਾਲੀਆ ਸ਼ਾਖਾ) ਚੰਡੀਗੜ੍ਹ ਜੀ ਦੀ ਦਫਤਰੀ ਮੀਮੋ ਨੰਬਰ 25/78-2012-ਭਮ-2/ 12445-71 ਮਿਤੀ 26-07-2013 ਰਾਹੀਂ ਮਾਲ ਰਿਕਾਰਡ ਵਿੱਚ ਨਾਂਅ ਦੀ ਤਬਦੀਲੀ ਦਾ ਅੰਦਰਾਜ ਕਰਨ ਲਈ ਹਦਾਇਤ ਜਾਰੀ ਕੀਤੀਆਂ ਗਈਆਂ ਸਨ। ਹਦਾਇਤਾਂ ਦੀ ਪਾਲਣਾ ਕਰਦੇ ਹੋਏ ਪੰਜਾਬ ਲੈਂਡ ਰਿਕਾਰਡ ਮੈਨੂਅਲ ਦੇ ਪੈਰਾ ਨੰਬਰ 7.28 (2) ਅਨੁਸਾਰ ਦਰਖਾਸਤ ਕਰਤਾ ਦੀ ਦਰਖਾਸਤ ਮੁਤਾਬਕ ਉਸ ਦਾ ਗਲਤ ਨਾਂਅ ਗੁਰਮਨਿੰਦਰ ਸਿੰਘ ਦਰਜ ਹੋ ਚੁੱਕਾ ਹੈ, ਜਦਕਿ ਉਸ ਦਾ ਸਹੀ ਨਾਂਅ ਗੁਰਮਿੰਦਰ ਸਿੰਘ ਹੈ। ਦਰਖਾਸਤ ਵਿੱਚ ਦਰਸਾਏ ਸਹੀ ਨਾਂਅ ਦਰੁਸਤ ਕਰਨ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਅਖਬਾਰ ਵਿੱਚ ਨੋਟਿਸ ਛਪਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੱਕ ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਮਾਲ ਰਿਕਾਰਡ ਵਿੱਚ ਨਾਂਅ ਨੂੰ ਸੋਧਣ ਦੀ ਕਾਰਵਾਈ ਕਰ ਦਿੱਤੀ ਜਾਵੇਗੀ। ਬਾਅਦ 'ਚ ਪੇਸ਼ ਕੀਤੇ ਇਤਰਾਜ਼ ਉੱਤੇ ਗੌਰ ਨਹੀਂ ਕੀਤਾ ਜਾਵੇਗਾ।

ਨਾਇਬ ਤਹਿਸੀਲਦਾਰ, ਰਾਜਾਸਾਂਸੀ।
ਨੰਬਰ-372—ਮਿਤੀ 20-2-2023

ਪਬਲਿਕ ਨੋਟਿਸ

ਬਾ-ਅਦਾਲਤ ਸ੍ਰੀਮਤੀ ਸਵਪਨਦੀਪ ਕੌਰ ਨਾਇਬ ਤਹਿਸੀਲਦਾਰ ਕਮ-ਸਹਾਇਕ-ਕੁਲੈਕਟਰ ਦਰਜਾ ਦੋਮ ਜਲੰਧਰ-2, ਜ਼ਿਲ੍ਹਾ ਜਲੰਧਰ।

ਵਿਰਾਸਤ ਇਤਕਾਲ ਨੰ: 48618 ਮਿਤੀ 10-02-2023 ਸਧਾਰਨ ਵਿਰਾਸਤ (ਮ੍ਰਿਤਕ ਤਾਰਾ ਚੰਦ ਪੁੱਤਰ ਭਾਗ ਮੱਲ ਪੁੱਤਰ ਗੋਲਦੂ ਵਾਸੀ ਭਾਰਗੋ ਨਗਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ।

ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰ ਦੀ ਅਦਾਲਤ ਵਿੱਚ ਸ਼੍ਰੀਮਤੀ ਵੀਨਾ ਰਾਨੀ ਪਤਨੀ ਯਸ਼ਪਾਲ ਵਾਸੀ 67, ਰਸੀਲਾ ਨਗਰ, ਬਸਤੀ ਦਾਨਿਸ਼ਮੰਦਾਂ ਤਹਿਸੀਲ ਵਾ ਜ਼ਿਲ੍ਹਾ ਜਲੰਧਰ ਵਲੋਂ ਵਿਸ਼ੇ ਵਿੱਚ ਦਰਜ਼ ਵਿਰਾਸਤ ਇਤਕਾਲ ਮੰਨਜ਼ੂਰ ਕਰਵਾਉਣ ਲਈ ਦਰਖਾਸਤ ਪੇਸ਼ ਕੀਤੀ ਹੈ ਕਿ ਮੇਰੇ ਮਾਸੜ ਸਹੁਰਾ ਤਾਰਾ ਚੰਦ ਪੁੱਤਰ ਭਾਗ ਮੱਲ ਪੁੱਤਰ ਗੋਲਦੂ ਦੀ ਮੌਤ ਲਗਭਗ 50 ਸਾਲ ਪਹਿਲਾਂ ਹੋ ਚੁੱਕੀ ਹੈ। ਇਸ ਇਤਕਾਲ ਦੇ ਮਨਜ਼ੂਰ ਹੋਣ ਵਿੱਚ ਜੇਕਰ ਕਿਸੇ ਨੂੰ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ ਇਸ਼ਤਿਹਾਰ/ਨੋਟਿਸ ਦੇ ਅਖ਼ਬਾਰ ਵਿੱਚ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ-2 ਇਤਰਾਜ਼ ਅਸਾਲਤਨ-ਵਕਾਲਤਨ ਜਾਂ ਆਪਣੇ ਮੁਖਤਿਆਰ ਰਾਹੀਂ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ। ਮਿੱਥੀ ਗਈ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜਾ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਨਿਯਮਾਂ/ਕਾਨੂੰਨ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 15-02-2023 ਨੂੰ ਨਿਮਨਹਸਤਾਖਰ ਦੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ1289/R-2 ਮਿਤੀ 15/2/2023

ਸਹਾਇਕ ਕਲੈਕਟਰ ਦਰਜਾ ਦੋਮ
ਜਲੰਧਰ-2

ਦੀ ਉਬੋਕੇ ਬਹੁਮੰਤਵੀ ਕੋਆਪ੍ਰੇਟਿਵ ਐਗਰੀਕਲਚਰ ਸਰਵਿਸ ਸੁਸਾਇਟੀ ਲਿਮਟਿਡ ਉਬੋਕੇ, ਪੱਟੀ (ਤਰਨਤਾਰਨ)

ਨਿਲਾਮੀ ਨੋਟਿਸ

ਦੀ ਉਬੋਕੇ ਬਹੁਮੰਤਵੀ ਸਹਿਕਾਰੀ ਸਭਾ ਲਿਮਟਿਡ ਉਬੋਕੇ, ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੇ ਪੁਰਾਣੇ ਖੇਤੀਬਾੜੀ ਸੰਦ ਟਰੈਕਟਰ ਨਿਊ ਹਾਲੈਂਡ 3630 ਮਾਡਲ 2010, ਲੈਂਜਰ ਲੈਵਲਰ ਜਿਵੇਂ ਦਾ ਹੈ ਜਿਸ ਤਰਾਂ ਦਾ ਵੀ ਹੈ ਦੀ ਖੁੱਲੀ ਨਿਲਾਮੀ ਮਿਤੀ 17 /3 /2023 ਦਿਨ ਸ਼ੁਕਰਵਾਰ ਨੂੰ ਸਵੇਰੇ 11ਵਜੇ ਸਭਾ ਦੇ ਦਫਤਰ ਉਬੋਕੇ ਵਿਖੇ ਕੀਤੀ ਜਾ ਰਹੀ ਹੈ। ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਲਾਮੀ ਵਿਚ ਭਾਗ ਲੈਣ ਸਕਦਾ ਹੈ। ਬਾਕੀ ਦੀਆਂ ਸਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ।

ਵੱਲੋਂ -ਸੁਖਜਿੰਦਰ ਸਿੰਘ ਪ੍ਰਧਾਨ ਦੀ ਉਬੋਕੇ ਸਹਿਕਾਰੀ ਸਭਾ ਲਿਮਟਿਡ
ਸੰਪਰਕ -94631-91778 , 99141-65078

Public Notice

Under the instruction of IDFC FIRST BANK LTD. I hereby inform the general public that Sunil Kumar s/o Kewal Krishan is the absolute owner of Property One Shop Private No.4 measuring length 26 feet (approx), breadth 9 feet (approx) Total measuring 1 Marla (25 Sq Yards) Khasra no. .2939/2877/674/1 min, bounded as East: Avtar Singh etc, West: Road Partap Bazar Chheharta, North: Shop No.3 & South: Shop No.5, which is situated at Village Wadali Guru Urban Abadi Kartar Nagar Chhehrta, Tehsil & District Amritsar. Earlier Kashmir Kaur wd/o Jeon Singh, Gurlal Singh s/o Jeon Singh sold 1 Marla to Prem Lata w/o Kewal Krishan vide sale deed registered with the office of Sub Registrar Amritsar Dated:23.01.1990 as Doc. No.18313. Then after the death of Prem Lata w/o Kewal Krishan her property was inherited by Sunil Kumar, Ravinder Kumar, Vijay Kumar sons of Kewal Krishan of which mutation no.32568 has been sanctioned by revenue authorities. Then Vijay Kumar & Ravinder Kumar sons of Kewal Krishan transferred their 2/3 share i.e. 16.66 sq yards to Sunil Kumar s/o Kewal Krishan vide transfer deed regd dated 25.03.2022 as doc no.2021- 22/197/1/3077 of which mutation no.32647 has been sanctioned by revenue authorities. Now Sunil Kumar s/o Kewal Krishan is shown as owner of sole property i.e. 2/3 share from transfer deed and 1/3 share from inheritance. Sunil Kumar s/o Kewal Krishan has approached IDFC First Bank Ltd Sumanglam Building Mall Road Amritsar and is taking loan from IDFC First Bank Ltd. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with IDFC FIRST BANK LTD.

ADV. VIKAS VERMA MB. 9815156302

Fullerton India Credit Company Limited

Fullerton India — Rishta Sanmaan Ka

ਕਾਰਪੋਰੇਟ ਦਫਤਰ : ਸੁਪਰੀਮ ਬਿਜ਼ਨਸ ਪਾਰਕ, ਮੰਜ਼ਲ 5 ਅਤੇ 6, ਬੀ ਵਿੰਗ, ਪੋਵਾਈ, ਮੁੰਬਈ 400076

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)
(ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੂਨਾਮਾਲੀ ਹਾਈ ਰੋਡ, ਮਦੁਰਾਵੇਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ ਮੰਜ਼ਲ 5 ਅਤੇ 6, ਬੀ ਵਿੰਗ, ਸੁਪਰੀਮ ਆਈ ਟੀ ਪਾਰਕ, ਸੁਪਰੀਮ ਸਿਟੀ ਲੇਕ ਕੋਸਲ ਦੇ ਪਿੰਡੇ, ਪੋਵਾਈ, ਮੁੰਬਈ 400076 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54), ਤਹਿਤ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਕਰਜ਼ਦਾਰਾਂ (1) ਸ਼ਰਨਜੀਤ ਸਿੰਘ ਮਾਹਲ, (2) ਤਜਿੰਦਰ ਕੌਰ, (3) ਜਸਵੰਤ ਕੌਰ ਨੂੰ ਖਾਤਾ ਨੰ. 197620910570480, ਤਹਿਤ ਨੋਟਿਸ 'ਚ ਦਰਸਾਈ ਰਕਮ ਰੁ. 31,28, 269/-(ਰੁਪਏ ਇਕੱਤੀ ਲੱਖ ਅਠਾਈ ਹਜ਼ਾਰ ਦੋ ਸੌ ਉਣੱਤਰ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ 09.07.2021 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 23 ਫਰਵਰੀ 2023 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਨੂੰ ਰੁਪਏ 31,28, 269/-(ਰੁਪਏ ਇਕੱਤੀ ਲੱਖ ਅਠਾਈ ਹਜ਼ਾਰ ਦੋ ਸੌ ਉਣੱਤਰ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜ

25-FEB-PAGE-7.qxd add.qxd 2/24/2023 10:25 PM Page 1

25 ਲੱਖ ਰੁਪਏ ਤੇ 8 ਤੋਲੇ ਸੋਨਾ ਚੋਰੀ ਕਰਨ ਵਾਲੇ 10 ਦਿਨਾਂ 'ਚ ਕਾਬੂ

ਜਗਰਾਓਂ (ਅਮਿਤ ਖੰਨਾ)

ਜ਼ਿਲ੍ਹਾ ਲੁਧਿਆਣਾ ਦਿਹਾਤੀ ਦੀ ਪੁਲਸ ਨੇ ਰਾਏਕੋਟ ਏਰੀਏ 'ਚ 10 ਦਿਨ ਪਹਿਲਾਂ ਹੋਈ ਲੱਖਾਂ ਦੀ ਚੋਰੀ ਨੂੰ ਟਰੇਸ ਕਰਕੇ ਦੋ ਜਣਿਆਂ ਨੂੰ ਸਾਢੇ 14 ਲੱਖ ਰੁਪਏ, ਸੋਨੇ ਤੇ ਹੋਰ ਸਾਮਾਨ ਸਮੇਤ ਕਾਬੂ ਕਰ ਲਿਆ ਹੈ। ਰਾਏਕੋਟ ਸਿਟੀ ਦੇ ਡੀ.ਐੱਸ.ਪੀ. ਰਛਪਾਲ ਸਿੰਘ ਢੀਂਡਸਾ ਦੀ ਅਗਵਾਈ 'ਚ ਪੁਲਸ ਦੀ ਟੀਮ ਨੇ ਚੋਰਾਂ ਨੂੰ ਕਾਬੂ ਕਰਕੇ ਬਰਾਮਦਗੀ ਕੀਤੀ ਹੈ। ਇਸ ਸੰਬੰਧੀ ਜਗਰਾਓਂ ਵਿਖੇ ਐੱਸ ਐੱਸ ਪੀ ਨਵਨੀਤ ਸਿੰਘ ਬੈਂਸ ਨੇ ਪ੍ਰੈੱਸ ਕਾਨਫਰੰਸ ਦੌਰਾਨ ਖੁਲਾਸਾ ਕੀਤਾ ਹੈ ਕਿ 12 ਫਰਵਰੀ ਨੂੰ ਡਾ: ਚਮਕੌਰ ਸਿੰਘ ਗਿੱਲ ਵਾਸੀ ਰਾਏਕੋਟ ਨੇ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਮੈਂ ਖੁਸ਼ੀ ਦੇ ਸਮਾਗਮ 'ਚ ਸ਼ਾਮਲ ਹੋਣ ਲਈ ਘਰੋਂ ਗਿਆ ਸੀ, ਜਦ ਵਾਪਸ ਆਇਆ ਤਾਂ ਚੋਰਾਂ ਨੇ ਘਰ ਦੇ ਜਿੰਦਰੇ ਭੰਨ ਕੇ 25 ਲੱਖ ਦੇ ਕਰੀਬ ਨਗਦੀ ਤੇ 8 ਤੋਲੇ ਸੋਨਾ ਚੋਰੀ ਕਰ ਲਿਆ। ਥਾਣਾ ਸਿਟੀ ਰਾਏਕੋਟ ਦੀ ਪੁਲਸ ਨੇ ਮੁਕੱਦਮਾ ਦਰਜ ਕਰਕੇ ਉਸੇ ਦਿਨ ਤੋਂ ਚੋਰਾਂ ਦੀ ਪੈੜ ਦੱਬਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਉਕਤ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋ ਮੁਲਜ਼ਮਾਂ ਨੂੰ ਪੁਲਸ ਨੇ ਟਰੇਸ ਕਰਕੇ ਗ੍ਰਿਫਤਾਰ ਕੀਤਾ ਹੈ, ਜਿਸ ਵਿੱਚ ਮੁਲਜ਼ਮ ਜਤਿੰਦਰ ਕੁਮਾਰ ਉਰਫ ਰਾਜੂ ਪੁੱਤਰ ਲੇਟ ਹਾਸ ਰਾਜ ਵਾਸੀ ਲੁਧਿਆਣਾ ਤੇ ਕੁਲਦੀਪ ਵਰਮਾ ਉਰਫ ਦੀਪਾ ਪੁੱਤਰ ਬਲਦੇਵ ਸਿੰਘ ਵਾਸੀ ਈਸਰ ਨਗਰ ਲੁਧਿਆਣਾ ਨੂੰ ਕਾਬੂ ਕੀਤਾ ਹੈ। ਐੱਸ ਐੱਸ ਪੀ ਨਵਨੀਤ ਸਿੰਘ ਬੈਂਸ ਦੱਸਿਆ ਕਿ ਇਹ ਦੋਨੋਂ ਵਿਅਕਤੀ 7-8 ਦਿਨ ਪਹਿਲਾਂ ਹੀ ਮਲੇਰਕੋਟਲੇ ਤੋਂ ਚੋਰੀ ਦੇ ਮਾਮਲੇ 'ਚ ਜੇਲ੍ਹ ਤੋਂ ਬਾਹਰ ਆਏ ਸਨ ਤੇ ਇਨ੍ਹਾਂ 'ਤੇ ਵੱਖ-ਵੱਖ ਜ਼ਿਲ੍ਹਿਆਂ 'ਚ 21 ਦੇ ਕਰੀਬ ਚੋਰੀ ਦੇ ਮੁਕੱਦਮੇ ਦਰਜ ਹਨ। ਉਨ੍ਹਾ ਦੱਸਿਆ ਕਿ ਮੁਲਜ਼ਮਾਂ ਤੋਂ 14 ਲੱਖ 35 ਹਜ਼ਾਰ ਦੀ ਨਗਦੀ, 2 ਸੋਨੇ ਦੀਆਂ ਛਾਪਾਂ, ਇੱਕ ਜੋੜਾ ਕੰਨਾਂ ਦੀਆਂ ਵਾਲੀਆਂ, ਇੱਕ ਜੋੜਾ ਕੰਨਾਂ ਦੇ ਟੌਪਸ, ਇੱਕ ਸੋਨੇ ਦੀ ਚੈਨ ਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ। ਉਨ੍ਹਾ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ ਚੋਰਾਂ, ਨਸ਼ਾ ਤਸਕਰਾਂ ਤੇ ਹੋਰ ਸ਼ਰਾਰਤੀ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਇਸ ਮੌਕੇ ਐੱਸ ਪੀ ਹਰਿਦਰਪਾਲ ਸਿੰਘ ਪਰਮਾਰ, ਡੀ ਐੱਸ ਪੀ ਰਛਪਾਲ ਸਿੰਘ ਢੀਂਡਸਾ ਤੇ ਹੋਰ ਪੁਲਸ ਅਧਿਕਾਰੀ ਹਾਜ਼ਰ ਸਨ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ।

ਜ਼ਿਲ੍ਹੇ 'ਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਵੇਗੀ : ਚੇਅਰਮੈਨ ਜੱਸੀ ਸੋਹੀਆਂ ਵਾਲਾ

ਨਾਭਾ (ਵਰਿੰਦਰ ਵਰਮਾ)-ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਪਿੰਡ ਅਗੌਲ ਵਿਖੇ ਪਹੁੰਚਣ 'ਤੇ ਪਿੰਡ ਵਾਸੀਆਂ ਵੱਲੋਂ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ, ਜੋ ਬਿਨਾਂ ਕਿਸੇ ਪੱਖਪਾਤ ਤੋਂ ਹਰ ਵਰਗ ਦੇ ਲੋਕਾਂ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਲੋਕ ਹਿੱਤ ਲਈ ਵੱਡੇ ਫੈਸਲੇ ਲਏ ਜਾ ਰਹੇ ਹਨ ਤਾਂ ਜੋ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਨਸ਼ਾਖੋਰੀ, ਗਰੀਬੀ ਤੇ ਬੇਰੁਜ਼ਗਾਰੀ ਦਾ ਪੂਰਨ ਖਾਤਮਾ ਕੀਤਾ ਜਾ ਸਕੇ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਵਿਕਾਸ ਪੱਖੋਂ ਪਟਿਆਲਾ ਜ਼ਿਲ੍ਹੇ ਵਿੱਚ ਹੋਣ ਵਾਲੇ ਕੰਮਾਂ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ, ਹਰਜਿੰਦਰ ਸਿੰਘ, ਚਰਨਜੀਤ ਸਰਮਾ, ਲਾਲ ਖਾਨ, ਹਰਵਿੰਦਰ ਸਿੰਘ, ਸਲੀਮ ਖਾਨ, ਰਣਵੀਰ ਸ਼ਰਮਾ, ਬਲਜਿੰਦਰ ਸਿੰਘ, ਨਰਿੰਦਰ ਸਿੰਘ, ਇੰਦਰਜੀਤ ਸ਼ਰਮਾ, ਹਰਪ੍ਰੀਤ ਸਿੰਘ ਭੁੱਲਰ, ਜਸਕਰਨਵੀਰ ਸਿੰਘ ਤੇਜੇ, ਕਰਨਦੀਪ ਸਿੰਘ, ਅਸ਼ੋਕ ਕੁਮਾਰ ਬੱਬੂ ਆਦਿ ਮੌਜੂਦ ਸਨ।

ਧਨ ਸੰਪਤੀ ਨਹੀਂ, ਜੀਵਨ 'ਚ ਸਕੂਨ ਜ਼ਰੂਰੀ : ਸ਼ਿਵਾਨੀ ਦੀਦੀ

ਜੈਤੋ (ਸਤੀਸ਼ ਕੁਮਾਰ ਭੀਰੀ)-ਦੁਨਿਆਵੀ ਪਦਾਰਥਾਂ ਤੇ ਮੋਹ ਮਾਇਆ ਵਿੱਚ ਡੁੱਬੀ ਦੁਨੀਆ ਦੇ ਮਾਰਗ ਨੂੰ ਸ਼ਾਂਤੀ, ਖੁਸ਼ਹਾਲੀ ਤੇ ਭਾਈਚਾਰਕ ਜੀਵਨ ਜਿਉਣ ਅਤੇ ਦਿਸ਼ਾ ਦਿਖਾਉਣ ਲਈ ਰਾਜਸਥਾਨ ਦੇ ਆਬੂ ਰੋਡ ਵਿਖੇ ਸਥਿਤ ਈਸ਼ਵਰੀਆ ਵਿਸ਼ਵ ਵਿਦਿਆਲਿਆ ਵੱਲੋਂ ਦੇਸ਼ ਪ੍ਰਦੇਸ ਵਿੱਚ ਸਥਾਪਤ ਕੀਤੇ ਗਏ ਅਨੇਕਾਂ ਕੇਂਦਰਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ ਜਾ ਰਹੀ ਹੈ। ਆਬੂ ਰੋਡ ਵਿਖੇ ਵੱਖ ਵੱਖ ਸ਼ਹਿਰਾਂ ਤੋਂ ਆਏ ਹੋਏ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਸ਼ਿਵਾਨੀ ਦੀਦੀ ਨੇ ਕਿਹਾ ਕਿ ਸਾਡੇ ਜੀਵਨ ਵਿੱਚ ਧੰਨ ਸੰਪਤੀ ਦਾ ਹੋਣਾ ਜ਼ਰੂਰੀ ਨਹੀਂ, ਜੇਕਰ ਸਾਡਾ ਮਨ ਸ਼ਾਂਤ ਨਹੀਂ ਹੈ, ਇਸ ਲਈ ਆਦਮੀ ਦੇ ਜੀਵਨ ਵਿੱਚ ਧੰਨ ਸੰਪਤੀ ਨਾਲੋਂ ਸਕੂਨ ਜ਼ਰੂਰੀ ਹੈ। ਸਕੂਨ ਦੀ ਪ੍ਰਾਪਤੀ ਲਈ ਸਾਨੂੰ ਨਾ-ਪੱਖੀ ਸੋਚ ਤੋਂ ਆਸ਼ਾਵਾਦੀ ਸੋਚ ਵੱਲ ਵਧਣਾ ਚਾਹੀਦਾ ਹੈ, ਜਿਸ ਤਰ੍ਹਾਂ ਗੰਦੇ ਤੇ ਬਦਬੂਦਾਰ ਪਾਣੀ ਦੇ ਬਰਤਨ ਵਿੱਚ ਹੌਲੀ ਹੌਲੀ ਸਾਫ ਪਾਣੀ ਪਾਉਂਦੇ ਰਹਿਣ ਨਾਲ ਉਹ ਗੰਦਾ ਤੇ ਬਦਬੂਦਾਰ ਪਾਣੀ ਸਾਫ ਪਾਣੀ ਵਿੱਚ ਬਦਲ ਜਾਂਦਾ ਹੈ, ਉਸੇ ਤਰ੍ਹਾਂ ਹੀ ਸਾਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਹੋਣ 'ਤੇ ਚੰਗੀ ਥਾਂ 'ਤੇ ਜਾਣ ਤੇ ਮਹਾਂਪੁਰਖਾਂ ਦੀ ਸੰਗਤ ਕਰਨ ਨਾਲ ਜੀਵਨ ਵਿੱਚੋਂ ਪ੍ਰੇਸ਼ਾਨੀਆਂ ਦਾ ਖਾਤਮਾ ਹੁੰਦਾ ਹੈ ਤੇ ਮਨ ਸਕੂਨ ਨਾਲ ਲਬਰੇਜ ਹ�ो ਜਾਂਦਾ ਹੈ।

ਸਮਾਓਂ 'ਚ ਭਾਕਿਯੂ (ਏਕਤਾ) ਸਿੱਧੂਪੁਰ ਦੀ ਨਵੀਂ ਕਮੇਟੀ ਦਾ ਗਠਨ

ਮਾਨਸਾ (ਪਮਾਰ)-ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਨੂੰ ਉਦੋਂ ਭਾਰੀ ਬਲ ਮਿਲਿਆ, ਜਦ ਭਰਾਤਰੀ ਜਥੇਬੰਦੀਆਂ ਨੂੰ ਅਲਵਿਦਾ ਆਖ ਭੀਖੀ ਬਲਾਕ ਦੇ ਪਿੰਡ ਸਮਾਓਂ ਵਿਖੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਅਗਵਾਈ ਵਿੱਚ ਭਰਵੀਂ ਮੀਟਿੰਗ ਕੀਤੀ ਗਈ ਤੇ ਮੌਕੇ 'ਤੇ ਹੀਪਿੰਡ ਕਮੇਟੀ ਦੀ ਚੋਣ ਕੀਤੀ। ਚੁਣੀ ਹੋਈ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ, ਜਨਰਲ ਸਕੱਤਰ ਸੰਦੀਪ ਸਿੰਘ, ਖ਼ਜ਼ਾਨਚੀ ਸੇਵਕ ਸਿੰਘ, ਸੀਨੀਅਰ ਮੀਤ ਪ੍ਰਧਾਨ ਜਗਰਾਜ ਸਿੰਘ, ਮੀਤ ਪ੍ਰਧਾਨ ਉੱਗਰ ਸਿੰਘ, ਪ੍ਰੈੱਸ ਸਕੱਤਰ ਜਗਤਾਰ ਸਿੰਘ, ਸੰਗਠਨ ਸਕੱਤਰ ਅਮ੍ਰਿਤ ਸਿੰਘ ਤੇ ਕਮੇਟੀ ਮੈਂਬਰ ਕਾਲਾ ਸਿੰਘ ਬਣਾਇਆ ਗਿਆ। ਕਿਸਾਨ ਆਗੂ ਨੇ ਕਿਹਾ ਕਿ ਜਥੇਬੰਦੀ ਵੱਲੋਂ ਕਿਰਤੀ ਲੋਕਾਂ ਦੀ ਲੜਾਈ ਤਨਦੇਹੀ ਨਾਲ ਲੜੀ ਜਾਵੇਗੀ ਤੇ ਜਥੇਬੰਦੀ ਵਿੱਚ ਹਰ ਆਗੂ ਅਤੇ ਵਰਕਰ ਨੂੰ ਬਣਦਾ ਮਾਣ ਸਤਿਕਾਰ ਵੀ ਦਿੱਤਾ ਜਾਵੇਗਾ। ਜ਼ਿਲ੍ਹਾ ਜਨਰਲ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਵਰਕਰਾਂ ਨੂੰ ਕਿਹਾ ਕਿ ਕਾਰਪੋਰੇਟਾਂ ਦੇ ਲੋਕ ਮਾਰੂ ਹਮਲਿਆਂ ਨੂੰ ਰੋਕਣ ਲਈ ਅੱਜ ਕਿਰਤੀ ਵਰਗ ਦਾ ਇਕੱਠੇ ਹੋ ਕੇ ਲੜਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਸਰਕਾਰ ਉੱਤੇ ਤਨਜ਼ ਕੱਸਦੇ ਹੋਏ ਕਿਹਾ ਕਿ ਲੋੜਵੰਦਾਂ ਦੇ ਆਟਾ-ਦਾਲ ਸਕੀਮ ਦੇ ਕਾਰਡਾਂ ਨੂੰ ਬੰਦ ਕਰਕੇ ਸਰਕਾਰ ਲੋਕਾਂ ਨੂੰ ਜ਼ਲੀਲ ਕਰਨਾ ਬੰਦ ਕਰੇ ਅਤੇ ਕਾਰਡਾਂ ਨੂੰ ਮੁੜ ਤੋਂ ਚਾਲੂ ਕੀਤਾ ਜਾਵੇ। ਇਸ ਮੌਕੇ ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਅਤਲਾ ਖੁਰਦ, ਰੂਪ ਸਿੰਘ ਤੇ ਵਰਿਆਮ ਸਿੰਘ ਆਦਿ ਨੇ ਸੰਬੋਧਨ ਕੀਤਾ।

ਕਾਤਰਾਂ

ਭੁਮੱਦੀ 'ਚ ਗੁਰਮਤਿ ਸਮਾਗਮ ਤੇ ਢਾਡੀ ਦਰਬਾਰ 2 ਨੂੰ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੌਨੂੰ)-ਗੁਰਦੁਆਰਾ ਡੇਹਰਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਭੁਮੱਦੀ ਨੇੜੇ ਖੰਨਾ ਵਿਖੇ ਅੱਠਵਾਂ ਮਹਾਨ ਗੁਰਮਤਿ ਸਮਾਗਮ ਤੇ ਢਾਡੀ ਦਰਬਾਰ ਮੁੱਖ ਸੇਵਾਦਾਰ ਬਾਬਾ ਬਚਨ ਸਿੰਘ ਜੀ (ਕਾਰ ਸੇਵਾ) ਦਿੱਲੀ ਵਾਲੇ, ਸੰਪਰਦਾਇ ਬਾਬਾ ਹਰਬੰਸ ਸਿੰਘ ਸਿੰਘ ਜੀ (ਕਾਰ ਸੇਵਾ) ਦਿੱਲੀ ਵਾਲੇ, ਬਾਬਾ ਗੁਰਮੇਲ ਸਿੰਘ ਕਾਰ ਸੇਵਾ ਵੱਲੋਂ 2 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਚਮਕੌਰ ਸਿੰਘ ਨੇ ਦੱਸਿਆ ਕਿ 2 ਮਾਰਚ ਸਵੇਰੇ 2 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਸਵੇਰੇ 9 ਵਜੇ ਢਾਡੀ ਦਰਬਾਰ ਸ਼ੁਰੂ ਕੀਤਾ ਜਾਵੇਗਾ। ਇਸ ਵਾਰ ਢਾਡੀ ਦਰਬਾਰ ਵਿੱਚ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥੇ ਤੇ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ।

ਅਣਪਛਾਤੀ ਲਾਸ਼ ਮਿਲੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਪੁਲਸ ਨੂੰ ਸ਼ਹਿਰ ਵਿੱਚ ਇੱਕ ਵਿਅਕਤੀ ਦੀ ਲਾਸ਼ ਮਿਲੀ, ਜਿਸ ਦੀ ਪਹਿਚਾਣ ਨਾ ਹੋ ਸਕੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਸੁਦਾਗਰ ਸਿੰਘ ਨੇ ਦੱਸਿਆ ਕਿ ਉਨ੍ਹਾ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਕੁਹਾੜਾ ਰੋਡ 'ਤੇ ਸਥਿਤ ਪੈਟਰੋਲ ਪੰਪ ਨੇੜੇ ਇੱਕ ਵਿਅਕਤੀ ਮ੍ਰਿਤਕ ਹਾਲਤ ਵਿੱਚ ਪਿਆ ਹੈ। ਪੁਲਸ ਵੱਲੋਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਉਸ ਦੇ ਕੱਪੜਿਆਂ ਦੀ ਤਲਾਸ਼ੀ ਦੌਰਾਨ ਅਜਿਹਾ ਕੋਈ ਦਸਤਾਵੇਜ਼ ਨਾ ਮਿਲਿਆ, ਜਿਸ ਤੋਂ ਉਸ ਦੀ ਕੋਈ ਪਹਿਚਾਣ ਹੋ ਸਕੇ। ਪੁਲਸ ਵੱਲੋਂ ਇਸ ਵਿਅਕਤੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ 72 ਘੰਟੇ ਲਈ ਮੋਰਚਰੀ ਵਿੱਚ ਰਖਵਾ ਦਿੱਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਦਾਗਰ ਸਿੰਘ ਨੇ ਦੱਸਿਆ ਕਿ ਮੌਤ ਦੇ ਕਾਰਨਾਂ ਦਾ ਪਤਾ ਤਾਂ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ।

ਐੱਸ ਐੱਸ ਡੀ ਕਾਲਜ ਵਿਖੇ ਅਥਲੈਟਿਕ ਮੀਟ ਅੱਜ

ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਐੱਸ ਐੱਸ ਡੀ ਕਾਲਜ ਬਰਨਾਲਾ ਵੱਲੋਂ 15ਵੀਂ ਐਥਲੈਟਿਕ ਮੀਟ 25 ਫਰਵਰੀ ਨੂੰ ਕਰਵਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਡੀ ਸਭਾ ਦੇ ਜਨਰਲ ਸਕੱਤਰ ਸ਼ਿਵ ਸਿੰਗਲਾ ਨੇ ਦੱਸਿਆ ਕਿ ਇਸ ਐਥਲੈਟਿਕ ਮੀਟ ਵਿੱਚ 200 ਤੇ 400 ਮੀਟਰ ਦੌੜਾਂ ਤੋਂ ਇਲਾਵਾ ਲੌਂਗ ਜੰਪ, ਟਰਿੱਪਲ ਜੰਪ, ਗੋਲਾ ਸੁੱਟਣਾ, ਜੈਵਲਿਨ ਥਰੋ ਸਮੇਤ ਵੱਖ ਵੱਖ ਖੇਡਾਂ 'ਚ ਵਿਦਿਆਰਥੀ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਇਸ ਮੌਕੇ ਪੰਜਾਬ ਸਰਕਾਰ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਐੱਸ ਐੱਸ ਡੀ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਭਾਰਤ ਭੂਸ਼ਣ ਨੇ ਦੱਸਿਆ ਕਿ ਇਸ ਮੌਕੇ ਇੰਟਰਨੈਸ਼ਨਲ ਕਿੱਕ ਬਾਕਸਿੰਗ ਇੰਦਰਵੀਰ ਸਿੰਘ ਬਰਾੜ, ਨੈਸ਼ਨਲ ਖਿਡਾਰੀ ਮੰਜੂ ਰਾਣੀ, ਦਮਨੀਤ ਸਿੰਘ, ਰਾਜਪਾਲ ਸਿੰਘ ਬਾਜਵਾ ਤੇ ਗੁਰਮੇਲ ਸਿੰਘ ਹੰਡਿਆਇਆ ਸਮੇਤ ਕਈ ਨਾਮੀ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ।

ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)

ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ ਤੇ ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਰਾਹੁਲ ਗਰਗ ਪੁੱਤਰ ਰਜਨੀਸ਼ ਗਰਗ ਵਿੱਕੀ ਵਾਸੀ ਬਾਘਾ ਪੁਰਾਣਾ ਮੋਗਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਪਹਿਲਾਂ ਦੋ ਵਾਰ ਰਿਵਿਊਜ਼ਲ ਹੋਣ ਦੇ ਬਾਵਜੂਦ ਅਲਗੋਮਾ ਯੂਨੀਵਰਸਿਟੀ ਟੋਰਾਂਟੋ ਕੈਨੇਡਾ ਦਾ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਐਮਰਜੈਂਸੀ ਵਾਰਡਾਂ ਦਾ ਨਾਂਅ ਭਾਈ ਘਨ੍ਹੱਈਆ ਦੇ ਨਾਂਅ 'ਤੇ ਰੱਖਣ ਸੰਬੰਧੀ ਦਿੱਤਾ ਮੰਗ ਪੱਤਰ

ਕੋਟਕਪੂਰਾ (ਰਛਪਾਲ ਭੁੱਲਰ)

ਪੰਜਾਬ ਵਿਧਾਨ ਸਭਾ 'ਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਪ੍ਰਧਾਨਗੀ ਹੇਠ ਦਵਾਈਆਂ ਦੇ ਅਸਲ ਰੇਟ ਨਾਲੋਂ ਕਈ ਗੁਣਾ ਵੱਧ ਰੇਟ ਪ੍ਰਿੰਟ ਕੀਤੇ ਜਾਣ ਦੇ ਮੁੱਦੇ 'ਤੇ ਹੋਈ ਉਚ ਪੱਧਰੀ ਮੀਟਿੰਗ ਤੋਂ ਪਹਿਲਾਂ ਭਾਈ ਘਨ੍ਹੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ ਦੇ ਇੱਕ ਵਫ਼ਦ ਨੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਦੀ ਅਗਵਾਈ 'ਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਸਿਹਤ ਮੰਤਰੀ ਡਾ. ਬਲਵੀਰ ਸਿੰਘ

25-Feb-PAGE-8.qxd 2/24/2023 10:32 PM Page 1

ਕੁਲ ਹਿੰਦ ਕਾਂਗਰਸ ਕਮੇਟੀ ਦਾ ਮੈਂਬਰ ਨਿਯੁਕਤ ਹੋਣ 'ਤੇ ਹਾਈ ਕਮਾਂਡ ਦਾ ਧੰਨਵਾਦ

ਮਾਹਿਲਪੁਰ (ਸਫਰੀ)

ਬੀਤੇ ਦਿਨ ਦਿੱਲੀ ਵਿੱਚ ਕਾਂਗਰਸ ਪਾਰਟੀ ਵਲੋਂ ਆਪਣੇ ਸੰਗਠਨ ਦੇ ਵਿੱਚ ਵਾਧਾ ਕਰਦੇ ਹੋਏ ਕੁਝ ਪੁਰਾਣੇ ਤੇ ਕੁਝ ਨਵੇਂ ਚਿਹਰਿਆਂ ਨੂੰ ਥਾਂ ਦੇ ਕੇ ਸੰਤੁਲਨ ਬਣਾਉਣ ਲਈ ਤਰਜੀਹ ਦਿੱਤੀ ਹੈ। ਪੰਜਾਬ ਤੋਂ ਕਾਂਗਰਸ ਟੀਮ ਦੇ ਸੈਂਟਰਲ ਕਮੇਟੀ ਦੇ ਸੰਗਠਨ ਵਲੋਂ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਚੋਣ ਸਮੇਂ ਦਮਦਾਰ ਮੁਕਾਬਲਾ ਦੇਣ ਵਾਲੇ ਯੂਥ ਆਗੂ ਅਮਰਪ੍ਰੀਤ ਸਿੰਘ ਲਾਲੀ ਦੀ ਮਿਹਨਤ ਨੂੰ ਸਲਾਮ ਕਰਦਿਆਂ ਲਗਾਤਾਰ ਦੂਸਰੀ ਵਾਰ ਕੋ-ਆਪਟ ਮੈਂਬਰ ਵਜੋਂ ਬਣਦੀ ਨੁਮਾਇੰਦਗੀ ਦੇ ਕੇ ਜਿੱਥੇ ਗੜ੍ਹਸ਼ੰਕਰ ਹਲਕੇ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ, ਉਥੇ ਅਮਰਪ੍ਰੀਤ ਸਿੰਘ ਲਾਲੀ ਦਾ ਕੱਦ ਵੀ ਹੋਰ ਵੱਡਾ ਹੋਇਆ ਹੈ। ਲਾਲੀ ਨੇ ਸੰਗਠਨ ਵਿਚ ਨੁਮਾਇੰਦਗੀ ਦੇਣ ਤੇ ਕੁਲ ਹਿੰਦ ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ, ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ, ਪੰਜਾਬ ਇੰਚਾਰਜ ਹਰੀਸ਼ ਚੌਧਰੀ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਦਾ ਧੰਨਵਾਦ ਕਰਦਿਆਂ ਆਖਿਆ ਕਿ ਜਿਸ ਸੋਚ ਨਾਲ ਇਹ ਜਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ, ਉਹ ਉਸ ਉਮੀਦ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ 'ਤੇ ਅਮਰਪ੍ਰੀਤ ਸਿੰਘ ਲਾਲੀ ਨੂੰ ਵਧਾਈ ਦੇਣ ਵਾਲਿਆਂ ਵਿੱਚ ਬਲਾਕ ਕਾਂਗਰਸ ਪ੍ਰਧਾਨ ਬਲਦੇਵ ਰਾਜ ਖੇਪੜ,ਮਾਹਿਲਪੁਰ ਦੇ ਬਲਾਕ ਪ੍ਰਧਾਨ ਸਰਪੰਚ ਮਨੀਸ਼, ਡੈਲੀਗੇਟ ਵਰਿੰਦਰ ਮਿੰਟੂ, ਅਮਰਜੀਤ ਬੰਟੀ ਤਨੇਜਾ,ਚੇਅਰਮੈਨ ਕੁਲਦੀਪ ਸਿੰਘ,ਮੈਂਬਰ ਜਿਲ੍ਹਾ ਪ੍ਰੀਸ਼ਦ ਪਵਨ ਕਟਾਰੀਆ, ਬਲਾਕ ਸੰਮਤੀ ਮੈਂਬਰ ਡਾਕਟਰ ਕੇਵਲ,ਪ੍ਰਧਾਨ ਯੂਥ ਕਾਂਗਰਸ ਕਮਲ ਕਟਾਰੀਆ, ਨਵਰਿੰਦਰਜੀਤ ਮਾਨ ਜਨਰਲ ਸਕੱਤਰ ਪੰਜਾਬ,ਮਾਸਟਰ ਰਾਜਿੰਦਰ ਸਰਪੰਚ ਭੱਜਲ, ਨੰਬਰਦਾਰ ਨਰਿੰਦਰ ਕਿੱਤਣਾ, ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ,ਸੁੱਖੀ ਨੰਬਰਦਾਰ ਪਨਾਮ, ਬਿੱਲਾ ਚੱਕ ਸਿੰਘਾ, ਰਮਨਦੀਪ ਸੰਧੂ ਸਰਪੰਚ ਸੂਨੀ,ਮਾਸਟਰ ਗੁਰਦਾਸ ਰਾਮ ਮਹਿੰਦਵਾਣੀ, ਨੰਬਰਦਾਰ ਮੇਘਰਾਜ ਸੋਖੋਵਾਲ, ਸੁਰੇਸ਼ ਜਿੰਦਲ ਪਿੱਪਲੀਵਾਲ, ਸਚਿਨ ਧੀਮਾਨ ਬੀਣੇਵਾਲ, ਬਲਾਕ ਸੰਮਤੀ ਮੈਂਬਰ ਹਰਜਿੰਦਰ ਸਿੰਘ,ਦਲਵੀਰ ਸਿੰਘ ਟੂਟੋਮਜਾਰਾ,ਸਰਪੰਚ ਚੂਹੜ ਸਿੰਘ,ਸਰਪੰਚ ਯਸਪਾਲ ਸਿੰਘ,ਤੀਰਥ ਮੱਲ੍ਹੀ ਗੋਗੋਂ, ਸੀਟੂ ਬੇਦੀ ਮੋਇਲਾ,ਸਾਜਨਪਰੀਤ ਫਤਿਹਪੁਰ, ਰਾਜਨ ਕਨੌਜੀਆ ਤੇ ਹਰਦੀਪ ਦੀਪ ਗੜ੍ਹਸ਼ੰਕਰ ਵੀ ਸ਼ਾਮਲ ਸਨ।

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਗ੍ਰੈਜੂਏਸ਼ਨ ਸੈਰੇਮਨੀ

ਸੁਲਤਾਨਪੁਰ ਲੋਧੀ,(ਹਨੀ)

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਹੇਠ ਗ੍ਰੈਜੂਏਸ਼ਨ ਸੈਰੇਮਨੀ ਅਤੇ ਬੇਬੀ ਸ਼ੋਅ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦਾ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਸਮਾਗਮ ਦਾ ਆਗਾਜ਼ ਸ਼ਮ੍ਹਾ ਰੋਸ਼ਨ ਉਪਰੰਤ ਸਬਦ ਗਾਇਨ ਨਾਲ ਕੀਤਾ ਗਿਆ । ਇਸ ਦੌਰਾਨ ਵਿਦਿਆਰਥੀਆਂ ਵਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਬੇਬੀ ਸ਼ੋਅ ਦੌਰਾਨ ਵਿਦਿਆਰਥੀਆਂ ਵੱਲੋਂ ਦਿਖਾਈ ਪ੍ਰਤਿਭਾ ਵੀ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ । ਇਸ ਦੌਰਾਨ ਯੂ ਕੇ ਜੀ ਜਮਾਤ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਪ੍ਰਿੰਸੀਪਲ ਰੇਨੂੰ ਅਰੋੜਾ ਨੇ ਪਹੁੰਚੇ ਮਹਿਮਾਨਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦਾ ਧੰਨਵਾਦ ਕਰਦਿਆਂ ਵਿਦਿਅਕ ਅਦਾਰੇ ਵੱਲੋਂ ਪ੍ਰਾਪਤ ਕੀਤੀਆਂ ਉਪਲਬਧੀਆਂ 'ਤੇ ਚਾਣਨਾ ਪਾਇਆ । ਮੰਚ ਸੰਚਾਲਨ ਮੈਡਮ ਸ਼ਾਲਿਨੀ ਅਤੇ ਵਿਦਿਆਰਥਣ ਮਾਇਰਾ ਤੇ ਪ੍ਰਭਲੀਨ ਵੱਲੋਂ ਕੀਤਾ ਗਿਆ । ਇਸ ਮੌਕੇ ਸੈਕਸ਼ਨ ਇੰਚਾਰਜ਼ ਮੈਡਮ ਸੁਨੀਤਾ ਗੁਜਰਾਲ, ਮਨਪ੍ਰੀਤ ਕੌਰ, ਅਮਨਦੀਪ ਕੌਰ, ਪ੍ਰਿਅੰਕਾ, ਸੋਨੀਆ, ਨੇਹਾ, ਹੁਸਨਪ੍ਰੀਤ ਸਿੰਘ, ਸੀਮਾ, ਕੋਮਲ, ਅਮਰਦੀਪ, ਨੀਤੂ ਸਿੰਘ, ਅੰਬਿਕਾ, ਮਨਜੀਤ ਕੌਰ, ਹਰਪ੍ਰੀਤ ਕੰਗ, ਸਵੇਤਾ, ਪਰਮਜੀਤ, ਸਬਨਮ ਘੁੰਮਣ, ਰਮਨ ਚਾਵਲਾ, ਰਮਨਦੀਪ ਕੌਰ, ਪੂਜਾ ਜੌਲੀ, ਆਦਿ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਮਾਪੇ ਹਾਜਰ ਸਨ।

ਆਨਲਾਈਨ ਖਰੀਦਦਾਰੀ ਦੇ ਚੱਕਰ 'ਚ ਵੱਜੀ ਚਾਰ ਲੱਖ ਦੀ ਠੱਗੀ

ਫਿਲੌਰ (ਨਿਰਮਲ)- ਮਨਜੀਤ ਕੁਮਾਰ ਵਾਸੀ ਪਿੰਡ ਪੰਜਢੇਰਾ (ਫਿਲੌਰ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਮੈਂ ਸਨੇਪਡੀਲ (ਐਪ) ਤੋਂ ਆਨਲਾਈਨ ਸਮਾਨ ਮੰਗਵਾਇਆ, ਜੋ ਮੈਨੂੰ ਸਮਾਨ ਗਲਤ ਭੇਜ ਦਿੱਤਾ। ਕੰਪਨੀ ਵਾਲਿਆ ਨੂੰ ਰੀਫੰਡ ਦੀ ਬੇਨਤੀ ਪਾਈ ਤਾਂ ਮੈਨੂੰ 12 ਦਿਨਾਂ ਬਾਅਦ ਦੱਸਿਆ ਕਿ ਤੁਹਾਡੇ ਖਾਤੇ 'ਚ ਪੈਸੇ ਪਾ ਦਿੱਤੇ ਹਨ ਤਾਂ ਮੈਂ ਪੇ.ਟੀ.ਐਮ (ਐਪ) ਰਾਹੀਂ ਪੈਸੇ ਚੈੱਕ ਕੀਤੇ ਤਾਂ ਰੀਫੰਡ ਦਾ ਕੋਈ ਪੈਸਾ ਨਹੀਂ ਆਇਆ ਅਤੇ 20-25 ਮਿੰਟ ਬਾਅਦ ਖਾਤੇ 'ਚੋਂ ਪੈਸੇ ਨਿਕਲਣ ਸ਼ੁਰੂ ਹੋ ਗਏ 'ਤੇ ਮੈਨੂੰ ਬੈਂਕ ਵਾਲਿਆ ਦਾ ਫੋਨ ਆਇਆ ਕਿ ਤੁਹਾਡੇ ਖਾਤੇ ਤੋਂ ਲਗਾਤਾਰ ਪੈਸੇ ਨਿਕਲ ਰਹੇ, ਤੁਸੀਂ ਕਡਵਾ ਰਹੇ ਹੋ। ਉਨ੍ਹਾਂ ਨੂੰ ਦੱਸਿਆ ਕਿ ਮੈਂ ਨਹੀਂ ਕਢਵਾ ਰਿਹਾ ਤੇ ਉਨ੍ਹਾ ਕਿਹਾ ਕਿ ਤੁਹਾਡੇ ਨਾਲ ਠੱਗੀ ਵੱਜ ਰਹੀ 'ਤੇ ਤੁਸੀਂ ਬੈਂਕ ਆ ਕੇ ਆਪਣਾ ਖਾਤਾ ਬਲੋਕ ਕਰਵਾ ਲੋ। ਜਦੋਂ ਬੈਂਕ ਜਾ ਕੇ ਦੇਖਿਆ ਤਾਂ ਮੇਰੇ ਖਾਤੇ 'ਚੋਂ ਚਾਰ ਲੱਖ ਨਿਕਲ ਚੁੱਕੇ ਸੀ। ਇਸ ਸੰਬੰਧੀ ਵਿੱਚ ਸਾਈਬਰ ਕ੍ਰਾਈਮ ਸੈੱਲ (ਜਲੰਧਰ) ਨਾਲ ਤੁਰੰਤ ਸੰਪਰਕ ਕੀਤਾ ਅਤੇ ਸਾਰੀ ਗੱਲਬਾਤ ਦੱਸੀ। ਉਨ੍ਹਾ ਕਿਹਾ ਕਿ ਅਸੀਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਤਿੰਨ ਕਿੱਲੋ ਗਾਂਜੇ ਸਮੇਤ ਔਰਤ ਗ੍ਰਿਫ਼ਤਾਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਥਾਣਾ ਤਲਵਾੜਾ ਦੇ ਏ. ਐਸ. ਆਈ ਰਣਵੀਰ ਸਿੰਘ ਸਮੇਤ ਹੌਲਦਾਰ ਤਿਲਕ ਰਾਜ ਬੰਦਨਾ ਦੇਵੀ ਨੇ ਗਸ਼ਤ ਦੌਰਾਨ ਦੌਲਤਪੁਰ ਚੌਕ ਤਲਵਾੜਾ ਨਜਦੀਕ ਇੱਕ ਔਰਤ ਆਪਣੇ ਸੱਜੇ ਹੱਥ ਵਿੱਚ ਲਿਫਾਫਾ ਫੜ ਕੇ ਪੈਦਲ ਆਉਂਦਿਆਂ ਦੇਖਿਆ, ਜਿਸ ਨੇ ਪੁਲਸ ਨੂੰ ਦੇਖ ਕੇ ਲਿਫਾਫਾ ਸੜਕ ਕਿਨਾਰੇ ਸੁੱਟ ਦਿੱਤਾ। ਸ਼ੱਕ ਦੇ ਤੌਰ 'ਤੇ ਉਸ ਨੂੰ ਕਾਬੂ ਕਰ ਕਰਕੇ ਨਾਂਅ ਕੇ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਸੋਮਾ ਉਰਫ ਸੀਮਾ ਪਤਨੀ ਮਹਿੰਦਰ ਸਿੰਘ ਵਾਸੀ ਜਿਊਵਾਲ ਥਾਣਾ ਕੀਰਤਪੁਰ ਸਾਹਿਬ ਰੂਪਨਗਰ ਹਾਲ ਵਾਸੀ ਡੈਮ ਰੋਡ ਤਲਵਾੜਾ ਥਾਣਾ ਤਲਵਾੜਾ ਜ਼ਿਲ੍ਹਾਅ ਹੁਸ਼ਿਆਰਪੁਰ ਦੱਸਿਆ। ਉਸ ਵੱਲੋਂ ਸੁੱਟੇ ਹੋਏ ਲਿਫਾਫੇ ਨੂੰ ਚੈਕ ਕਰਨ 'ਤੇ ਉਸ ਵਿੱਚੋਂ ਛੋਟੇ-ਛੋਟੇ ਪੈਕਟਾਂ ਵਿੱਚ ਪਾਏ ਹੋਏ ਗਾਂਜੇ ਦੀਆਂ ਪੁੜੀਆਂ ਬ੍ਰਾਮਦ ਹੋਈਆਂ ਜਿਸ ਦਾ ਡਿਜੀਟਲ ਕੰਡੇ 'ਤੇ ਵਜਨ 3 ਕਿਲੋਗ੍ਰਾਮ ਹੋਇਆ। ਪੁਲਸ ਨੇ ਉਸ ਵਿਰੁੱਧ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

28 ਨੂੰ ਪੈਨਸ਼ਨਰ ਯੂਨੀਅਨ ਪੰਜਾਬ ਦਾ ਜ਼ਿਲ੍ਹਾ ਹੁਸ਼ਿਆਰਪੁਰ ਦਾ ਯੂਨਿਟ ਕਾਇਮ ਕੀਤਾ ਜਾਵੇਗਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਇੱਥੇ ਅਮਰ ਸ਼ਹੀਦ ਚੰਨਣ ਸਿੰਘ ਧੂਤ ਯਾਦਗਾਰੀ ਭਵਨ ਵਿਖੇ ਪੰਜਾਬ ਦੇ ਵੱਖ ਵੱਖ ਵਿਭਾਗਾਂ ਦੇ ਸਰਗਰਮ ਪੈਨਸ਼ਨਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਆਈ.ਟੀ.ਆਈ. ਦੇ ਸਰਗਰਮ ਰਿਟਾਇਰ ਗਰੁੱਪ ਇੰਸਟਰਕਟਰ ਨਿਰਵੈਰ ਸਿੰਘ ਨੇ ਕੀਤੀ। ਵਿਸ਼ੇਸ਼ ਤੌਰ ਤੇ ਪ.ਸ.ਸ.ਫ਼ ਦੇ ਸਾਬਕਾ ਜਨਰਲ ਸਕੱਤਰ ਸਾਥੀ ਜਗਦੀਸ਼ ਸਿੰਘ ਚੋਹਕਾ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਪਿਛਲੇ ਦਿਨੀ ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਦੀ ਜਲੰਧਰ ਵਿਖੇ ਹੋਈ ਮੀਟਿੰਗ ਦੇ ਫੈਸਲਿਆਂ ਨੂੰ ਸਾਥੀਆਂ ਨਾਲ ਸਾਂਝਾ ਕੀਤਾ। ਮੀਟਿੰਗ ਦੌਰਾਨ ਵੱਖ ਵੱਖ ਵਿਭਾਗਾਂ ਦੇ ਪੈਨਸ਼ਨਰ ਆਗੂਆਂ ਨੇ ਆਪਣੇ ਆਪਣੇ ਵਿਛਾਰ ਪੇਸ਼ ਕਰਦੇ ਹੋਏ ਪੈਨਸ਼ਨਰਾਂ ਦੀਆਂ ਪੈਂਡਿੰਗ ਮੰਗਾਂ ਨੂੰ ਲਾਗੂ ਕਰਨ ਦੀ ਪੰਜਾਬ ਦਰਕਾਰ ਦੇ ਅੜੀਅਲ ਵਤੀਰੇ ਦੀ ਸਖਤ ਨਿਖੇਧੀ ਕੀਤੀ। ਹਾਜਰ ਸਾਥੀਆਂ ਨੇ ਪੈਨਸ਼ਨਰਾਂ ਦੀ ਏਕਤਾ ਮਜ਼ਬੂਤ ਲਈ ਜੋਰ ਦਿੰਦੇ ਹੋਏ ਪੈਨਸ਼ਨਰ ਮੰਗਾਂ ਨੂੰ ਲਾਗੂ ਕਰਾਉਣ ਲਈ ਜਿਲ੍ਹੇ ਅੰਦਰ ਵਿਗਿਆਨਕ ਸੋਚ ਵਾਲੀ ਪੈਨਸ਼ਨਰ ਯੂਨੀਅਨ ਪੰਜਾਬ ਦਾ ਜਿਲ੍ਹਾ ਯੂਨਿਟ ਕਾਇਮ ਕਰਨ ਲਈ 28-02 2023 ਨੂੰ 11 ਵਜੇ ਸ਼ਹਿਦ ਉਧਮ ਪਾਰਕ ਵਿਖੇ ਇੱਕ ਵਿਸ਼ਾਲ ਇਕੱਠ ਕੀਤਾ ਜਾਵੇਗਾ। ਸਾਰੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਸ ਇਕੱਠ ਵਿੱਚ ਸ਼ਾਮਲ ਹੋਣ ਅਤੇ ਪੈਨਸ਼ਨਰਜ਼ ਏਕਤਾ ਮਜਬੂਤ ਕਰਨ। ਇਸ ਮੌਕੇ ਸਾਥੀ ਕਮਲਜੀਤ ਸਿੰਘ ਰਾਜਪੁਰ ਭਾਈਆਂ ਰੋਡਵੇਜ, ਸ਼ੇਰ ਜੰਗ ਬਹਾਦਰ ਸਿੰਘ, ਖੇਤੀਬਾੜੀ, ਗੁਰਦਿਆਲ ਚੰਦ, ਭੁਪਿੰਦਰ ਸਿੰਘ ਰੋਡਵੇਜ, ਨਿਰਵੈਰ ਸਿੰਘ ਆਈ.ਟੀ.ਆਈ., ਬਲਵਿੰਦਰ ਸਿੰਘ, ਅਸ਼ੋਕ ਕੁਮਾਰ, ਰਾਮ ਲੁਭਾਇਆ ਬਾਗਬਾਨੀ ਵਿਭਾਗ ਅਤੇ ਸੁਰਿੰਦਰ ਸਿੰਘ ਆਦਿ ਮੀਟਿੰਗ ਵਿੱਚ ਸ਼ਾਮਲ ਸਨ।

ਪੰਜਾਬ ਦੇ ਪਹਿਲੇ ਸਮਾਰਟ ਸ਼ਮਸ਼ਾਨਘਾਟ ਦਾ ਵਿਧਾਇਕ ਵੱਲੋਂ ਉਦਘਾਟਨ

ਕਰਤਾਰਪੁਰ (ਹਰਮੇਸ਼ ਦੱਤ)

ਪਿੰਡ ਦਿਆਲਪੁਰ 'ਚ ਪੰਜਾਬ ਦੇ ਪਹਿਲੇ ਸਮਾਰਟ ਸ਼ਮਸ਼ਾਨ-ਘਾਟ ਦਾ ਉਦਘਾਟਨ ਹਲਕਾ ਵਿਧਾਇਕ ਬਲਕਾਰ ਸਿੰਘ ਵਲੋਂ ਹਰਜਿੰਦਰ ਸਿੰਘ ਰਾਜਾ ਸਰਪੰਚ , ਸਮੂਹ ਪੰਚਾਇਤ ਅਤੇ ਪਿੰਡ ਵਾਸੀਆਂ ਦੀ ਹਾਜਰੀ ਵਿੱਚ ਕੀਤਾ ਗਿਆ । ਵਿਧਾਇਕ ਬਲਕਾਰ ਸਿੰਘ ਦਾ ਪਿੰਡ ਵਾਸੀਆ ਵਲੋਂ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ । ਵਿਧਾਇਕ ਵਲੋਂ ਪਿੰਡ ਵਾਸੀਆਂ ਤੇ ਐਨ ਆਰ ਆਈ ਦੇ ਵੱਡੇ ਸਹਿਯੋਗ ਨਾਲ ਬਣਾਏ ਗਏ ਸੰਸਕਾਰ ਕਰਨ ਵਾਲੀ ਗੈਸ ਭੱਠੀ , ਮ੍ਰਿਤਕ ਦੇਹ ਸੰਭਾਲ ਘਰ , ਸੀ ਸੀ ਟੀ ਵੀ ਕੈਮਰੇ , ਸਾਊਂਡ ਸਿਸਟਮ ਤੇ ਬਾਥਰੂਮ ਟਾਈਲਟ ਆਦਿ ਦਾ ਉਦਘਾਟਨ ਕੀਤਾ ਗਿਆ । ਹਲਕਾ ਵਿਧਾਇਕ ਨੇ ਜੁੜੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਇਹ ਪੰਜਾਬ ਦਾ ਪਹਿਲਾਂ ਪਿੰਡ ਦੇਖਿਆ ਹੈ ਜਿੱਥੇ ਪਿੰਡ ਵਾਸੀਆਂ ਨੇ ਐਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ ਇਨ੍ਹਾ ਸਾਫ ਸੁਥਰਾ ਤੇ ਹਰ ਸਹੂਲਤ ਨਾਲ ਲੈਸ ਸ਼ਮਸ਼ਾਨ-ਘਾਟ ਤਿਆਰ ਕੀਤਾ ਗਿਆ ਹੈ। ਉਨ੍ਹਾਂ ਸਰਪੰਚ ਹਰਜਿੰਦਰ ਸਿੰਘ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਪ੍ਰਸੰਸਾ ਕਰਦਿਆਂ ਸਰਕਾਰ ਵਲੋਂ ਹਰ ਤਰ੍ਹਾ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਸ ਮੌਕੇ ਸੁਰਿੰਦਰਪਾਲ ਧੋਗੜੀ ਡੀ ਐਸ ਪੀ, ਦਲਵਿੰਦਰ ਸਿੰਘ ਦਿਆਲਪੁਰੀ , ਦਲਵੀਰ ਸਿੰਘ ਕਾਹਲਵਾਂ , ਰਮਨਦੀਪ ਸਿੰਘ ਐਸ ਐਚ ਓ ਕਰਤਾਰਪੁਰ, ਸੰਤੋਖ ਸਿੰਘ ਖੱਖ, ਅਸ਼ਵਨੀ ਕੁਮਾਰ ਸੇਠ , ਕਸ਼ਮੀਰੀ ਲਾਲ ਸਹੋਤਾ , ਕਮਲੇਸ਼ ਸਹੋਤਾ , ਕਮਲਜੀਤ ਕੌਰ ਧੂਪੜ , ਸੁਰਜੀਤ ਕੌਰ ਧੂਪੜ , ਹਰਵਿੰਦਰ ਕੌਰ ਖੱਖ , ਸ੍ਰੀਮਤੀ ਨਿਰਮਲਾ ਬਲਾਕ ਸੰਮਤੀ ਮੈਂਬਰ , ਅਮਨ ਸਿੰਘ ਖੱਖ , ਗੁਰਚਰਨ ਸਿੰਘ ਖੱਖ , ਸੁੱਖਾ ਕੁਦੋਵਾਲ , ਜੋਗਾ ਸਿੰਘ ਕੁਦੋਵਾਲ , ਪਰਮਜੀਤ ਸਿੰਘ ਬੱਲੂ ਸਾਬਕਾ ਸਰਪੰਚ , ਅਵਤਾਰ ਸਿੰਘ ਸ਼ਾਹ, ਅਵਤਾਰ ਸਿੰਘ ਫੌਜੀ , ਆਸ਼ੂ, ਘੁੱਗ, ਭਿੰਦਾ ਖੱਖ, ਗੁਰਮੀਤ ਸਿੰਘ ਬਿੱਲਾ,ਬਾਘਾ ਭਲਵਾਨ, ਕਾਲਾ ਖੱਖ, ਗੁਰਚਰਨ ਸਿੰਘ ਧੂਪੜ, ਰਾਮਜੀਤ ਸਿੰਘ ਮਾਸਟਰ , ਦਲਵੀਰ ਸਿੰਘ ਸਾਬਕਾ ਸਰਪੰਚ , ਵਿੱਕੀ ਧੂਪੜ, ਸ਼ਿੰਦਾ ਲੰਬੜ, ਟੀਟੂ ਸੇਠ, ਰਜੇਸ਼ ਬਿੱਟੂ ਆਦਿ ਹਾਜਰ ਸਨ।

ਸ੍ਰੀ ਬਾਬਾ ਭੂਤਨਾਥ ਕਮੇਟੀ ਵੱਲੋਂ ਮੈਡੀਕਲ ਕੈਂਪ ਭਲਕੇ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਧਰਮ ਦੇ ਵਿਕਾਸ ਅਤੇ ਪ੍ਰਸਾਰ ਦੇ ਨਾਲ-ਨਾਲ ਸਮਾਜ ਸੇਵਾ ਨੂੰ ਸਮਰਪਿਤ ਮੰਦਿਰ ਸ੍ਰੀ ਬਾਬਾ ਭੂਤਨਾਥ ਕਮੇਟੀ ਨੂਰਮਹਿਲ ਵੱਲੋਂ 26 ਫਰਵਰੀ 2023 ਨੂੰ ਸਵੇਰੇ 10 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਇੱਕ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਮੰਦਿਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਮੈਹਨ ਨੇ ਦੱਸਿਆ ਕਿ ਕਮੇਟੀ ਵੱਲੋਂ ਨੂਰਮਹਿਲ ਜਨਰਲ ਹਸਪਤਾਲ ਦੇ ਸਹਿਯੋਗ ਨਾਲ ਇੱਕ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਅੱਖਾਂ ਦੀ ਜਾਂਚ ਕਰਨ ਉਪਰੰਤ ਲੋੜਵੰਦਾਂ ਨੂੰ ਫਰੀ ਐਨਕਾਂ ਵੰਡੀਆਂ ਜਾਣਗੀਆਂ ਅਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਤੋਂ ਪਹਿਲਾਂ ਲੋੜਵੰਦ ਮਰੀਜਾਂ ਦੇ ਮੈਡੀਕਲ ਟੈਸਟ ਜਿਸ ਵਿਚ ਖੂਨ ਦੇ ਸਾਰੇ ਸੈੱਲਾਂ ਦੇ ਟੈਸਟ 50 ਰੁਪਏ,ਥਾਇਰਾਇਡ ਦੇ ਟੈਸਟ 120 ਰੁਪਏ,ਜਿਗਰ ਦੇ ਰੋਗਾਂ ਦੇ ਟੈਸਟ 100 ਰੁਪਏ, ਦਿਲ ਅਤੇ ਬਲੱਡ ਪ੍ਰੈਸ਼ਰ ਦੇ ਟੈਸਟ 80 ਰੁਪਏ ਅਤੇ ਗੁਰਦਿਆਂ ਦੇ ਟੈਸਟ ਮਾਤਰ 50 ਰੁਪਏ

25-Feb-PAGE-9.qxd 2/24/2023 10:33 PM Page 1

ਹੋਲਾ-ਮਹੱਲਾ ਦੌਰਾਨ ਮੇਲਾ ਖੇਤਰ ਨੂੰ ਸਵੱਛ ਤੇ ਸੁੰਦਰ ਬਣਾਉਣ ਲਈ ਵਿਸ਼ੇਸ਼ ਮੁਹਿੰਮ ਅੱਜ ਤੋਂ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ ਪੰਜਾਬ ਨੇ ਸਮਾਜ ਸੇਵੀ ਸੰਗਠਨਾਂ, ਜਥੇਬੰਦੀਆਂ, ਕਲੱਬਾਂ, ਵਰਕਰਾ ਤੇ ਪਤਵੰਤਿਆਂ ਨੂੰ ਅਪੀਲ ਕੀਤੀ ਹੈ ਕਿ 25 ਫਰਵਰੀ ਨੂੰ ਨੰਗਲ ਤੋਂ ਸਰਸਾ ਨੰਗਲ ਤੱਕ ਸ਼ੁਰੂ ਹੋ ਰਹੀ ਵਿਸ਼ੇਸ਼ ਸਫਾਈ ਮੁਹਿੰਮ ਵਿੱਚ ਆਪਣਾ ਸਹਿਯੋਗ ਦੇਣ ਤਾਂ ਕਿ ਹੋਲਾ ਮਹੱਲਾ ਦੌਰਾਨ ਦੇਸ਼ ਵਿਦੇਸ਼ ਤੋਂ ਆਉਣ ਵਾਲੀਆਂ ਲੱਖਾਂ ਸੰਗਤਾਂ ਨੂੰ ਸੁੰਦਰ ਅਤੇ ਸਵੱਛ ਵਾਤਾਵਰਣ ਉਪਲੱਬਧ ਕਰਵਾਇਆ ਜਾਵੇ। ਆਪਣੇ ਸੰਦੇਸ਼ ਵਿੱਚ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਲੱਖਾਂ ਸ਼ਰਧਾਲੂ ਸੰਸਾਰ ਦੇ ਕੋਨੇ ਕੋਨੇ ਤੋਂ ਹੋਲਾ ਮਹੱਲਾ ਦੌਰਾਨ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੇ ਹਨ। ਸ਼ਰਧਾਲੂਆਂ ਵੱਲੋਂ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਵੀ ਕੀਤੇ ਜਾਂਦੇ ਹਨ। 1 ਮਾਰਚ ਤੋਂ 10 ਮਾਰਚ ਤੱਕ ਇੱਥੇ ਪਹੁੰਚਣ ਵਾਲੇ ਲੱਖਾਂ ਸ਼ਰਧਾਲੂਆਂ ਦੀ ਸਹੂਲਤ ਲਈ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਮੇਲਾ ਖੇਤਰ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਨਗਰ ਕੌਂਸਲਾਂ, ਨਗਰ ਪੰਚਾਇਤਾਂ ਦੇ ਕਰਮਚਾਰੀ ਪਿਛਲੇ ਕਈ ਦਿਨਾਂ ਤੋਂ ਸਾਫ ਸਫਾਈ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਨਿਰੰਤਰ ਮੇਲਾ ਖੇਤਰ ਦਾ ਦੌਰਾ ਕਰਕੇ ਮੈਂ ਖੁੱਦ ਪ੍ਰਬੰਧਾਂ ਦਾ ਜਾਇਜ਼ਾ ਲੈ ਰਿਹਾ ਹਾਂ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਖੇਤਰ ਵਿੱਚ ਵਿਸ਼ੇਸ਼ ਸਵੱਛਤਾ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ। ਇਸ ਲਈ ਨੰਗਲ ਤੋ ਸਰਸਾ ਨੰਗਲ ਤੱਕ ਸਮੁੱਚੇ ਖੇਤਰ ਵਿੱਚ ਸਵੱਛਤਾ ਮੁਹਿੰਮ 25 ਫਰਵਰੀ ਨੂੰ ਸਵੇਰੇ 9 ਤੋ 12 ਵਜੇ ਤੱਕ ਚਲਾਈ ਜਾਵੇਗੀ। ਉਨ੍ਹਾਂ ਨੇ ਅਪੀਲ ਕੀਤੀ ਕਿ ਪੰਚਾਇਤਾਂ ਆਪਣੇ ਇਲਾਕਿਆਂ ਵਿੱਚ ਇਸ ਮੁਹਿੰਮ ਨੂੰ ਸ਼ੁਰੂ ਕਰਨ, ਸਮਾਜ ਸੇਵੀ ਸੰਗਠਨਾਂ ਦੇ ਆਗੂ, ਵੱਖ ਵੱਖ ਕਲੱਬਾਂ, ਜਥੇਬੰਦੀਆਂ ਦੇ ਮੁਖੀ, ਸਾਡੇ ਪਾਰਟੀ ਵਰਕਰ, ਇਲਾਕੇ ਦੇ ਪਤਵੰਤੇ ਲੋਕ, ਪਿੰਡਾਂ ਅਤੇ ਸ਼ਹਿਰਾਂ ਦੇ ਵਸਨੀਕ, ਸੜਕਾਂ ਦੀ ਸਫਾਈ ਅਤੇ ਆਲੇ ਦੁਆਲੇ ਲੱਗੇ ਗੰਦਗੀ ਦੇ ਢੇਰ ਹਟਾਉਣ, ਸਵੱਛਤਾ ਅਤੇ ਸੁੰਦਰਤਾ ਨੂੰ ਹੋਲਾ ਮਹੱਲਾ ਦੌਰਾਨ ਸੁਚਾਰੂ ਰੱਖਣ ਵਿੱਚ ਸਹਿਯੋਗ ਦੇਣ। ਉਨ੍ਹਾਂ ਨੇ ਕਿਹਾ ਕਿ ਸਫਾਈ ਸੇਵਕ ਮਗਨਰੇਗਾ ਕਾਮੇ ਇਸ ਮੁਹਿੰਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ,ਆਪਣੇ ਸੰਦੇਸ਼ ਵਿੱਚ ਬੈਂਸ ਨੇ ਲੋਕਾਂ ਨੂੰ ਕਿਹਾ ਕਿ ਉਹ ਆਪਣੇ ਟਰੈਕਟਰ, ਟਰਾਲੀਆਂ ਨਾਲ ਲੈ ਕੇ ਆਉਣ, ਉਨ੍ਹਾਂ ਨੇ ਕਿਹਾ ਕਿ ਮਹਾਂਮਾਰੀ ਤੋਂ ਬਾਅਦ ਇਸ ਵਾਰ ਹੋਲਾ ਮਹੱਲਾ ਮੌਕੇ ਪਹਿਲਾਂ ਨਾਲੋਂ ਕਾਫੀ ਵੱਧ ਸੰਗਤ ਪਹੁੰਚਣ ਦੀਆਂ ਸੰਭਾਵਨਾਵਾਂ ਹਨ। ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਨ੍ਹਾਂ ਪ੍ਰਬੰਧਾਂ ਲਈ ਗੰਭੀਰਤਾ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਵਰਕਰਾਂ ਨਾਲ ਮੈਂ ਖੁੱਦ ਸਰਸਾ ਨੰਗਲ ਤੇ ਨੰਗਲ ਤੱਕ 25 ਫਰਵਰੀ ਨੂੰ ਸ਼ੁਰੂ ਹੋਣ ਜਾ ਰਹੀ ਮੁਹਿੰਮ ਵਿੱਚ ਸ਼ਾਮਿਲ ਹੋ ਰਿਹਾ ਹਾਂ। ਉਨ੍ਹਾਂ ਨੇ ਮੈਰਿਜ ਪੈਲਿਸਾਂ, ਸੜਕਾਂ ਦੇ ਆਲੇ ਦੁਆਲੇ ਦੇ ਦੁਕਾਨਦਾਰਾਂ, ਬੱਸ ਅੱਡਿਆਂ ਅਤੇ ਹੋਰ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਕੂੜਾ ਅਤੇ ਗੰਦਗੀ ਦੇ ਢੇਰ ਸੜਕਾਂ ਦੇ ਆਲੇ ਦੁਆਲੇ ਨਾ ਲਗਾਉਣ ਕਿਉਂਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਰਧਾ ਨਾਲ ਆਉਣ ਵਾਲੇ ਸ਼ਰਧਾਲੂਆਂ ਦੀਆਂ ਭਾਵਨਾਵਾ ਨੂੰ ਠੇਸ ਲੱਗਦੀ ਹੈ, ਅਸੀ ਇਸ ਲਈ ਕੀਰਤਪੁਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਆਉਣ ਵਾਲੇ ਸ਼ਰਧਾਲੂਆਂ ਲਈ ਸਾਫ ਸੁਥਰਾ ਵਾਤਾਵਰਣ ਦੇਣ ਦਾ ਉਪਰਾਲਾ ਕੀਤਾ ਹੈ। ਇਹ ਸਭ ਆਮ ਲੋਕਾਂ, ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਹੀ ਸੰਭਵ ਹੈ। ਉਨ੍ਹਾਂ ਅਪੀਲ ਕੀਤੀ ਕਿ 25 ਫਰਵਰੀ ਨੂੰ ਇਸ ਮੁਹਿੰਮ ਵਿੱਚ ਸਾਰੇ ਰਲ ਮਿਲ ਕੇ ਸਹਿਯੋਗ ਦੇਣ।

ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਪਹਿਲੀ ਨੂੰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਪੇਂਡੂ ਮਜਦੂਰ ਯੂਨੀਅਨ ਪੰਜਾਬ ਦੀ ਇਕ ਵਿਸ਼ੇਸ਼ ਮੀਟਿੰਗ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ,ਜਿਸ ਵਿਚ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਇਸ ਲਤੀਫਪੁਰਾ ਮੋਰਚਾ ਦੇ ਆਗੂ ਮਹਿੰਦਰ ਸਿੰਘ ਬਾਜਵਾ ਦੀ ਗ੍ਰਿਫਤਾਰੀ ਦੇ ਮਾਮਲੇ 'ਤੇ ਵਿਚਾਰ ਚਰਚਾ ਤੋਂ ਬਾਅਦ ਤੋਂ ਬਾਅਦ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ ਨੇ ਕਿਹਾ ਕਿ ਯੂਨੀਅਨ ਨੇ 1 ਮਾਰਚ ਨੂੰ ਆਮ ਆਦਮੀ ਪਾਰਟੀ ਦੀ ਬੁਲਡੋਜਰ ਸਿਆਸਤ ਅਤੇ ਗ੍ਰਿਫਤਾਰ ਆਗੂਆਂ ਦੀ ਰਿਹਾਈ ਲਈ ਜਲੰਧਰ ਜ਼ਿਲ੍ਹਾ ਹੈਡਕੁਆਟਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਹੰਸ ਰਾਜ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਪ੍ਰਸ਼ਾਸ਼ਨ ਵੱਲੋਂ ਦਲਿਤ ਜਨਤਕ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੂੰ ਸਿਆਸੀ ਦਬਾਅ ਹੇਠ ਗ੍ਰਿਫਤਾਰ ਕਰਕੇ ਜੇਲ ਵਿੱਚ ਬੰਦ ਕੀਤਾ ਗਿਆ ਹੈ। ਸਾਥੀ ਕਸ਼ਮੀਰ ਸਿੰਘ ਲਤੀਫਪੁਰ ਮੁੜ ਵਸੇਬਾ ਮੋਰਚੇ ਦੇ ਅਹਿਮ ਮੈਂਬਰਾਂ ਵਿੱਚੋਂ ਹਨ, ਜਿਹੜੇ ਲਤੀਫਪੁਰਾ ਦੇ ਪੀੜਿਤ ਲੋਕਾਂ ਦੇ ਨਾਲ ਚੱਟਾਨ ਵਾਂਗ ਖੜੇ ਹਨ।

ਸੀਨੀਅਰ ਪੱਤਰਕਾਰ ਹਰਦੀਪ ਸਿੰਘ ਚੰਦੀ ਨੂੰ ਸਦਮਾ, ਮਾਤਾ ਦਾ ਦੇਹਾਂਤ

ਜਲੰਧਰ (ਪ੍ਰੀਤਮ ਸਿੰਘ ਬਿੰਦ)-ਸੀਨੀਅਰ ਪੱਤਰਕਾਰ ਹਰਦੀਪ ਸਿੰਘ ਚੰਦੀ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸਵਰਨ ਕੌਰ (78) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਚਤਰੱਥ ਨੇ ਦੱਸਿਆ ਕਿ ਸਾਡੀ ਨਾਨੀ , ਸੀਨੀਅਰ ਪੱਤਰਕਾਰ ਹਰਦੀਪ ਸਿੰਘ ਚੰਦੀ (ਇੰਗਲੈਂਡ) ਦੇ ਮਾਤਾ ਸਵਰਨ ਕੌਰ 20 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ । ਉਨ੍ਹਾਂ ਦਾ ਅੰਤਿਮ ਸੰਸਕਾਰ ਘਾਹ ਮੰਡੀ (ਜਲੰਧਰ) ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ ਹੈ । ਮਾਤਾ ਸਵਰਨ ਕੌਰ ਨਮਿੱਤ ਚੰਦੀ ਪਰਵਾਰ ਵੱਲੋਂ ਰਖਵਾਏ ਗਏ ਸ੍ਰੀ ਅਖੰਡ ਪਾਠ ਜੀ ਦੇ ਭੋਗ 26 ਫਰਵਰੀ ਨੂੰ ਉਹਨਾਂ ਦੇ ਗ੍ਰਹਿ ਵਿਖੇ ਪੈਣਗੇ ਉਪਰੰਤ ਸਵੇਰੇ 12 ਵਜੇ ਤੋਂ 1 ਵਜੇ ਤੱਕ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਪਿਸ਼ੌਰੀਆਂ ਮੁਹੱਲਾ ਨਿਊ ਮਾਡਲ ਹਾਊਸ (ਜਲੰਧਰ) ਵਿਖੇ ਹੋਵੇਗੀ ।

ਡੀ ਟੀ ਐਫ ਨੇ ਪੁਰਾਣੀ ਪੈਨਸ਼ਨ ਬਹਾਲੀ ਦੀ ਧੂਰੀ ਰੈਲੀ ਤੇ ਕੰਪਿਊਟਰ ਅਧਿਆਪਕਾਂ ਦੀ ਜਲੰਧਰ ਰੈਲੀ ਦਾ ਕੀਤਾ ਸਮਰਥਨ

ਜਲੰਧਰ, (ਰਾਜੇਸ਼ ਥਾਪਾ)

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ 26 ਫਰਵਰੀ ਨੂੰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਧੂਰੀ ਅਤੇ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਜਲੰਧਰ ਵਿਖੇ ਕੀਤੀ ਜਾ ਰਹੀ ਰੈਲੀ ਦੀ ਹਮਾਇਤ ਕਰਦਿਆ ਉਨ੍ਹਾਂ ਵਿਚ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਜਨਰਲ ਸਕੱਤਰ ਬਲਬੀਰ ਚੰਦ ਲੌਂਗੋਵਾਲ, ਜਥੇਬੰਦਕ ਸਕੱਤਰ ਕਰਨੈਲ ਸਿੰਘ ਚਿੱਟੀ, ਵਿੱਤ ਸਕੱਤਰ ਜਸਵਿੰਦਰ ਸਿੰਘ ਅਤੇ ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਮੁਲਾਜ਼ਮਾਂ ਨਾਲ ਧੋਖਾ ਕੀਤਾ ਹੈ। ਸਰਕਾਰ ਦੇ ਇਸ ਵਤੀਰੇ ਤੋਂ ਲਗਦਾ ਹੈ ਕਿ ਉਹ ਅਸਲ ਵਿਚ ਪੁਰਾਣੀ ਪੈਨਸ਼ਨ ਬਹਾਲ ਕਰਨ ਵਾਲੇ ਕੀਤੇ ਵਾਅਦੇ ਨੂੰ ਅਮਲ ਵਿਚ ਲਾਗੂ ਹੀ ਨਹੀ ਕਰਨਾ ਚਾਹੁੰਦੀ। ਮੁਲਾਜ਼ਮਾਂ ਦੀ ਸਮਾਜਿਕ ਸੁਰੱਖਿਆ ਲਈ ਲਹੂ ਵੀਟਵੇਂ ਸੰਘਰਸ਼ ਨਾਲ ਪ੍ਰਾਪਤ ਕੀਤੀ ਪੈਨਸ਼ਨ ਨੂੰ ਪ੍ਰਧਾਨ ਮੰਤਰੀ ਵੱਲੋਂ ਪਾਪ ਕਹਿਣ ਅਤੇ ਕੇਂਦਰੀ ਵਿੱਤ ਮੰਤਰੀ ਵੱਲੋਂ ਪੈਨਸ਼ਨ ਸ਼ਕੀਮ ਤਹਿਤ ਜਮਾਂ ਫੰਡ ਰਾਜਾਂ ਨੂੰ ਨਹੀ ਦਿਤੇ ਜਾ ਸਕਦੇ ਵਰਗਾ ਬਿਆਨ ਦੇਣ ਨੂੰ ਉਨ੍ਹਾਂ ਮੁਲਾਜ਼ਮਾਂ ਦਾ ਅਪਮਾਨ ਕਰਨਾ ਦੱਸਿਆ। ਕੁਝ ਅਖੌਤੀ ਆਰਥਿਕ ਮਾਹਰਾਂ ਵੱਲੋਂ ਪੈਨਸ਼ਨ ਖਿਲਾਫ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਨਿਖੇਧੀ ਕਰਦਿਆ ਆਗੂਆਂ ਨੇ ਕਿਹਾ ਕਿ ਇੱਕ ਤੋਂ ਲੈ ਕੇ 7-7 ਪੈਨਸ਼ਨਾਂ ਲੈਣ ਵਾਲੇ ਸੰਸਦ ਮੈਂਬਰਾਂ ਨੂੰ ਮੁਲਾਜ਼ਮਾਂ ਦੀ ਨਿਗੂਣੀ ਪੈਨਸ਼ਨ ਵੀ ਖਜਾਨੇ ਤੇ ਭਾਰੀ ਬੋਝ ਦਿਖਾਈ ਦੇ ਰਹੀ ਹੈ,ਜਿਸਨੂੰ ਕਦਾਚਿਤ ਬਰਦਾਸਿਤ ਨਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵਿਚ ਅਧਿਆਪਕਾਂ ਦਾ ਵੱਡਾ ਹਿੱਸਾ ਨਵੀਂ ਪੈਨਸ਼ਨ ਸਕੀਮ ਅਧੀਨ ਕੰਮ ਕਰ ਰਿਹਾ ਹੈ,ਇਸ ਕਰਕੇ ਉਨ੍ਹਾਂ ਦੀ ਜਥੇਬੰਦੀ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਵਾਉਣ ਲਈ 26 ਫਰਵਰੀ ਨੂੰ ਧੂਰੀ ਵਿਖੇ ਕੀਤੀ ਜਾਣ ਵਾਲੀ ਰੈਲੀ ਵਿਚ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਸੂਬਾਈ ਅਧਿਆਪਕ ਆਗੂਆਂ ਨੇ ਕਿਹਾ ਕਿ ਕੰਪਿਊਟਰੱ ਧਿਆਪਕ ਵੀ ਸਿੱਖਿਆ ਵਿਭਾਗ ਦਾ ਇਕ ਅਹਿਮ ਹਿੱਸਾ ਹੈ। ਇਸ ਕਰਕੇ ਹੀ ਉਨ੍ਹਾਂ ਨੇ 26 ਫਰਵਰੀ ਨੂੰ ਕੰਪਿਊਟਰ ਅਧਿਆਪਕਾਂ ਦੀ ਜਲੰਧਰ ਰੈਲੀ ਦੀ ਹਮਾਇਤ ਕਰਦਿਆ ਉਸ ਵਿਚ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ।

ਪੰਜਾਬ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਨਾਲ ਢਹਿ ਚੁੱਕੀ : ਕੈਪਟਨ ਅਮਰਿੰਦਰ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਜਨਾਲਾ ਦੀ ਘਟਨਾ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ, ਜਿੱਥੇ ਸਿੱਖ ਪ੍ਰਚਾਰਕ ਅੰਮ੍ਰਿਤਪਾਲ ਦੇ ਸਮਰਥਕਾਂ ਨੇ ਪੁਲਿਸ ਸਟੇਸਨ ਨੂੰ ਘੇਰਾ ਪਾ ਲਿਆ ਸੀ, ਜਿਸ ਕਾਰਨ ਹੱਥੋਪਾਈ ਹੋ ਗਈ ਸੀ ਅਤੇ ਕਈ ਪੁਲਿਸ ਮੁਲਾਜਮ ਜਖਮੀ ਹੋ ਗਏ ਸਨ। ਕੈਪਟਨ ਅਮਰਿੰਦਰ ਨੇ ਇੱਕ ਬਿਆਨ ਵਿੱਚ ਕਿਹਾ, "ਇਹ ਨਾ ਸਿਰਫ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਦਾ ਪੂਰੀ ਤਰ੍ਹਾਂ ਨਾਲ ਢਹਿ-ਢੇਰੀ ਹੋਣਾ ਹੈ, ਸਗੋਂ ਇਸ ਤੋਂ ਵੀ ਵੱਧ ਗੰਭੀਰ ਹੈ", ਕੈਪਟਨ ਅਮਰਿੰਦਰ ਨੇ ਕਿਹਾ ਕਿ ਇਸ ਘਟਨਾ ਦੇ ਸੂਬੇ ਅਤੇ ਦੇਸ ਲਈ ਗੰਭੀਰ ਸੁਰੱਖਿਆ ਪ੍ਰਭਾਵ ਹਨ। ਭਾਜਪਾ ਦੇ ਸੀਨੀਅਰ ਆਗੂ ਨੇ ਇਸ ਘਟਨਾ ਵੱਲ ਕੇਂਦਰ ਸਰਕਾਰ ਦਾ ਧਿਆਨ ਦਿਵਾਉਂਦਿਆਂ ਚੇਤਾਵਨੀ ਦਿੱਤੀ ਕਿ ਇਨ੍ਹਾਂ ਘਟਨਾਵਾਂ ਵਿੱਚ ਇੱਕ ਖਾਸ ਨਮੂਨਾ ਹੈ, ਜੋ ਕੌਮੀ ਸੁਰੱਖਿਆ ਲਈ ਚੰਗਾ ਨਹੀਂ ਹੈ। "ਖਾਸ ਤੌਰ 'ਤੇ ਜਦੋਂ ਪਾਕਿਸਤਾਨ ਅਜਿਹੀ ਸਥਿਤੀ ਨੂੰ ਹੱਲਾਸ਼ੇਰੀ ਦੇਣ ਅਤੇ ਇਸ ਦਾ ਸੋਸਣ ਕਰਨ ਲਈ ਤਿਆਰ ਹੈ", ਉਸਨੇ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਰਾਜ ਸਰਕਾਰ ਦੀ ਯੋਗਤਾ 'ਤੇ ਸਵਾਲ ਉਠਾਉਂਦੇ ਹੋਏ ਦੇਖਿਆ। ਕੈਪਟਨ ਅਮਰਿੰਦਰ ਨੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਦਰਸਨ ਵਾਲੀ ਥਾਂ 'ਤੇ ਲਿਜਾਣ ਦੇ ਮਕਸਦ 'ਤੇ ਵੀ ਸਵਾਲ ਚੁੱਕੇ ਹਨ, ਜਿਸ ਨੂੰ ਉਨ੍ਹਾਂ ਕਿਹਾ ਕਿ ਇਹ ਅਸਵੀਕਾਰਨਯੋਗ ਹੈ। ਸਾਬਕਾ ਮੁੱਖ ਮੰਤਰੀ ਨੇ ਥਾਣੇ ਦਾ ਘਿਰਾਓ ਕਰਨ ਵਾਲਿਆਂ ਨਾਲ ਨਜਿੱਠਣ ਲਈ ਪੁਲੀਸ ਵੱਲੋਂ ਵਰਤੀ ਗਈ ਸੰਜਮ ਦੀ ਸਲਾਘਾ ਕੀਤੀ। "ਹਾਲਾਂਕਿ ਸਥਿਤੀ ਨੂੰ ਸਾਵਧਾਨੀ ਨਾਲ ਸੰਭਾਲਣ ਦੀ ਲੋੜ ਹੈ, ਉਸੇ ਸਮੇਂ, ਕਾਨੂੰਨ ਨੂੰ ਕਾਇਮ ਰੱਖਣਾ ਬਹੁਤ ਜਰੂਰੀ ਹੈ"।

ਸਰਕਾਰੀ ਪ੍ਰਾਇਮਰੀ ਸਕੂਲ ਪੱਤੜ ਖੁਰਦ 'ਚ ਚੈਰਿਟੀ ਸੈਮੀਨਾਰ

ਕਰਤਾਰਪੁਰ (ਹਰਮੇਸ਼ ਦੱਤ)

ਵਧੀਕ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਸ ਪੀ ਜਲੰਧਰ ਦਿਹਾਤੀ

ਸਵਰਨਦੀਪ ਸਿੰਘ ਪੀ ਪੀ ਐਸ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਮਨਜੀਤ ਕੌਰ ਪੀ ਪੀ ਐਸ ਜ਼ਿਲ੍ਹਾ ਕਮਿਊਨਿਟੀ ਪੁਲਸ ਅਫਸਰ ਜਲੰਧਰ ਦਿਹਾਤੀ ਦੀ ਦੇਖ ਰੇਖ ਹੇਠ 23 ਫਰਵਰੀ ਨੂੰ ਸਬ ਡਵੀ. ਸਾਂਝ ਕੇਂਦਰ ਕਰਤਾਰਪੁਰ ਵੱਲੋਂ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਐਸ ਆਈ ਪੂਰਨ ਸਿੰਘ ਦੀ ਸੁਪਰਵਿਜ਼ਨ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਪੱਤੜ ਖੁਰਦ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਚੈਰਿਟੀ ਸੈਮੀਨਾਰ ਕੀਤਾ ਗਿਆ । ਸੈਮੀਨਾਰ ਵਿੱਚ ਸਕੂਲ ਦੇ ਪਹਿਲੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਦੇ ਲੋੜਵੰਦ 55 ਬੱਚਿਆਂ ਨੂੰ ਕਾਪੀਆਂ ਅਤੇ ਜੁਮੈਟਰੀ ਬਾਕਸ ਵੰਡੇ ਗਏ । ਇਸ ਮੌਕੇ ਏ ਐਸ ਆਈ ਜਗਤਾਰ ਸਿੰਘ ਵੱਲੋਂ ਸਾਂਝ ਕੇਂਦਰਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ , ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲ

25-FEB-PAGE-10.qxd 2/24/2023 10:27 PM Page 1

ਡੀਪੂ ਹੋਲਡਰ ਯੂਨੀਅਨ ਦੇ ਵਫਦ ਨੇ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਨੂੰ ਦਿੱਤਾ ਮੰਗ ਪੱਤਰ

ਤਪਾ ਦੇ ਡੀਪੂ ਹੋਲਡਰ ਜ਼ਿਲ੍ਹਾ ਕੰਟਰੋਲਰ ਨੂੰ ਮੰਗ ਪੱਤਰ ਦੇਣ ਸਮੇਂ।

ਤਪਾ ਮੰਡੀ (ਅਰੁਣ ਗੋਇਲ)-ਡਿੱਪੂ ਹੋਲਡਰ ਯੂਨੀਅਨ ਸ਼ਹਿਰੀ ਤਪਾ ਦਾ ਇੱਕ ਵਫਦ ਅਮਿਤ ਢੀਂਗਰਾ ਦੀ ਅਗਵਾਈ 'ਚ ਕਣਕ 'ਤੇ ਲੱਗੀ ਕਟੌਤੀ ਸੰਬੰਧੀ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਹਾਜ਼ਰ ਮੁੱਖ ਬੁਲਾਰਾ ਬਿੰਦਰ ਸਿੰਘ ਉਗੋਕੇ, ਜ਼ਿਲ੍ਹਾ ਪ੍ਰਧਾਨ ਧਰਮ ਪਾਲ ਸ਼ਰਮਾ ਤੇ ਸ਼ਹਿਰੀ ਤਪਾ ਦੇ ਪ੍ਰਧਾਨ ਅਮਿਤ ਢੀਂਗਰਾ ਨੇ ਦੱਸਿਆ ਕਿ ਸਰਕਾਰ ਲਾਭਪਾਤਰੀਆਂ ਨੂੰ ਵੰਡਣ ਵਾਲੀ ਕਣਕ 'ਤੇ 14 ਪ੍ਰਤੀਸ਼ਤ ਕਟੌਤੀ ਲੱਗਣ ਕਾਰਨ ਡਿੱਪੂ ਹੋਲਡਰਾਂ ਤੇ ਕਾਰਡ ਹੋਲਡਰਾਂ ਵਿਚਕਾਰ ਤਕਰਾਰ ਹੁੰਦਾ ਹੈ। ਕਾਰਡ ਹੋਲਡਰ ਡਿੱਪੂ ਹੋਲਡਰ ਨੂੰ ਗਾਲੀ ਗਲੋਚ ਤੇ ਲੜਾਈ ਕਰਨ ਤੱਕ ਜਾਂਦੇ ਹਨ। ਇਸ ਨੰਬਤ ਨੂੰ ਲੈ ਕੇ ਡਿੱਪੂ ਹੋਲਡਰਾਂ ਨੇ ਹੜਤਾਲ ਵੀ ਕਰ ਦਿੱਤੀ। ਮੰਗ ਪੱਤਰ 'ਚ ਕਣਕ 'ਤੇ ਲੱਗੀ ਕਟੌਤੀ ਪੂਰੀ ਕੀਤੀ ਜਾਵੇ ਤੇ ਕਣਕ ਵੰਡਣ ਸਮੇਂ ਸੁਰੱਖਿਆ ਮੁਹੱਈਆ ਕਰਨ ਆਦਿ ਮੰਗਾਂ ਸਨ। ਜ਼ਿਲ੍ਹਾ ਕੰਟਰੋਲਰ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਮੰਗ ਪੱਤਰ ਦੀ ਕਾਪੀ ਉੱਚ-ਅਧਿਕਾਰੀਆਂ ਤੱਕ ਪੁੱਜਦੀ ਕਰ ਦਿੱਤੀ ਜਾਵੇਗੀ।

ਇਸ 14 ਪ੍ਰਤੀਸ਼ਤ ਦੀ ਕਟੌਤੀ ਸੰਬੰਧੀ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪਹਿਲਾਂ ਇਹ ਕਟੌਤੀ 9 ਪ੍ਰਤੀਸ਼ਤ ਸੀ ਜੋ ਬਾਅਦ 'ਚ ਵਧਾਕੇ 14 ਪ੍ਰਤੀਸ਼ਤ ਕਰ ਦਿੱਤੀ ਗਈ, ਸੰਬੰਧੀ ਵੀ ਹਲਕਾ ਵਿਧਾਇਕ ਦੇ ਧਿਆਨ 'ਚ ਲਿਆਂਦਾ ਜਾਵੇਗਾ ਕਿ ਲੋਕਲ ਸੈਂਟਰ ਪਾਸ ਸਰਪਲੱਸ ਕੋਟਾ ਪਿਆ ਹੈ, ਜੋ ਬਾਹਰਲੇ ਸੈਂਟਰਾਂ 'ਚ ਭੇਜਿਆ ਜਾਣਾ ਹੈ, ਨੂੰ ਬੰਦ ਕਰਵਾਇਆ ਜਾਵੇਗਾ। ਇਸ ਮੌਕੇ ਸਿਟੀ ਪ੍ਰਧਾਨ ਅਮਿਤ ਢੀਂਗਰਾ ਨੇ ਸਪੱਸ਼ਟ ਕੀਤਾ ਕਿ ਡਿੱਪੂਆਂ 'ਤੇ ਸਿਰਫ 6 ਮਹੀਨਿਆਂ ਬਾਅਦ ਕਣਕ ਦੀ ਵੰਡ ਕੀਤੀ ਜਾਂਦੀ ਹੈ, ਉਸ ਨੂੰ ਸਰਕਾਰ ਦੀਆਂ ਹਦਾਇਤਾਂ ਈ-ਪੋਸ਼ ਮਸ਼ੀਨਾਂ ਰਾਹੀਂ ਵੰਡ ਦਿੱਤੀ ਜਾਂਦੀ ਹੈ, ਕੋਈ ਕਿਸੇ ਦੀ ਸ਼ਿਕਾਇਤ ਨਹੀਂ ਹੈ। ਇਸ ਮੌਕੇ ਪ੍ਰੇਮ ਕੁਮਾਰ ਜੋਧਪੁਰ, ਮੱਖਣ ਤੇਲ ਵਾਲਾ, ਸ਼ਾਮ ਗਰਗ, ਰਮੇਸ਼ ਕੁਮਾਰ ਪੱਖੋ ਆਦਿ ਹਾਜ਼ਰ ਸਨ।

ਫ਼ਿਰੋਜ਼ਪੁਰ ਛਾਉਣੀ ਤੋਂ ਜਲੰਧਰ ਰੇਲਵੇ ਟਰੈਕ 'ਤੇ ਰੇਲ ਸੇਵਾ ਰਹੇਗੀ ਪ੍ਰਭਾਵਿਤ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਡਵੀਜ਼ਨ ਅਧੀਨ ਆਉਂਦੇ ਰੇਲਵੇ ਟਰੈਕ ਫ਼ਿਰੋਜ਼ਪੁਰ ਕੈਂਟ ਤੋਂ ਜਲੰਧਰ ਸੈਕਸ਼ਨ 'ਤੇ ਕੰਮ ਕਰਨ ਕਰਕੇ ਟ੍ਰੈਫ਼ਿਕ ਬਲਾਕ ਰਹੇਗਾ, ਜਿਸ ਦੌਰਾਨ ਰੇਲ ਗੱਡੀਆਂ ਰੱਦ ਰਹਿਣ ਸਬੰਧੀ ਰੇਲ ਵਿਭਾਗ ਵੱਲੋਂ ਸਮਾਂ-ਸਾਰਣੀ ਜਾਰੀ ਕੀਤੀ ਗਈ ਹੈ। ਜਾਰੀ ਸਮਾਂ-ਸਾਰਣੀ ਅਨੁਸਾਰ ਆਮ ਜਨਤਾ ਨੂੰ ਸੂਚਨਾ ਕੀਤਾ ਹੈ ਕਿ ਰੇਲ ਗੱਡੀ ਨੰਬਰ 04633 ਜਲੰਧਰ ਸ਼ਹਿਰ-ਫ਼ਿਰੋਜ਼ਪੁਰ ਛਾਉਣੀ ਯਾਤਰੀ ਸਪੈਸ਼ਲ ਜੇ.ਸੀ.ਓ. 26 ਫਰਵਰੀ, ਰੇਲ ਗੱਡੀ ਨੰਬਰ 04638 ਫ਼ਿਰੋਜ਼ਪੁਰ ਕੈਂਟ-ਜਲੰਧਰ ਸਿਟੀ ਪੈਸੈਂਜਰਜ਼ ਸਪੈਸ਼ਲ ਜੇ.ਸੀ.ਓ. 26 ਫਰਵਰੀ, ਰੇਲ ਗੱਡੀ ਨੰਬਰ 04170 ਫ਼ਿਰੋਜ਼ਪੁਰ ਕੈਂਟ-ਜਲੰਧਰ ਸਿਟੀ ਸਪੈਸ਼ਲ ਜੇ.ਸੀ.ਓ. 26 ਫਰਵਰੀ, ਰੇਲ ਗੱਡੀ ਨੰਬਰ 04169 ਜਲੰਧਰ ਸਿਟੀ-ਫ਼ਿਰੋਜ਼ਪੁਰ ਕੈਂਟ ਸਪੈਸ਼ਲ ਜੇ.ਸੀ.ਓ. 26 ਫਰਵਰੀ, ਰੇਲ ਗੱਡੀ ਨੰਬਰ 04598 ਜਲੰਧਰ ਸਿਟੀ-ਹੁਸ਼ਿਆਰਪੁਰ ਸਪੈਸ਼ਲ ਜੇ ਸੀ ਓ 26 ਫਰਵਰੀ, ਰੇਲ ਗੱਡੀ ਨੰਬਰ 04597 ਹੁਸ਼ਿਆਰਪੁਰ-ਜਲੰਧਰ ਸਿਟੀ ਸਪੈਸ਼ਲ ਜੇ.ਸੀ.ਓ. 26 ਫਰਵਰੀ ਨੂੰ ਰੱਦ ਰਹਿਣਗੀਆਂ।

ਇਸ ਦੇ ਚੱਲਦੇ ਰੇਲ ਗੱਡੀ ਨੰਬਰ 04634 ਫ਼ਿਰੋਜ਼ਪੁਰ ਛਾਉਣੀ-ਜਲੰਧਰ ਸਿਟੀ ਪੈਸੰਜਰ ਸਪੈਸ਼ਲ ਜੇ.ਸੀ.ਓ. 26 ਫਰਵਰੀ ਨੂੰ ਸੁਲਤਾਨਪੁਰ ਲੋਧੀ ਤੱਕ ਚੱਲੇਗੀ ਤੇ ਰੇਲ ਗੱਡੀ ਨੰਬਰ 06965 ਜਲੰਧਰ ਸਿਟੀ-ਫ਼ਿਰੋਜ਼ਪੁਰ ਕੈਂਟ ਡੇਮੂ ਸਪੈਸ਼ਲ ਜੇ.ਸੀ.ਓ. 26 ਫਰਵਰੀ ਨੂੰ ਸੁਲਤਾਨਪੁਰ ਲੋਧੀ ਤੱਕ ਚੱਲੇਗੀ।

ਗ਼ਰੀਬ ਪਰਵਾਰਾਂ ਨੂੰ ਕਣਕ ਨਾ ਮਿਲਣ 'ਤੇ ਡੀ ਐੱਫ ਸੀ ਦਫ਼ਤਰ ਦਾ ਘਿਰਾਓ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਾਰੀ ਅਧਿਕਾਰੀਆਂ ਦੀਆਂ ਮਾੜੀਆਂ ਨੀਤੀਆਂ ਤੋਂ ਪ੍ਰੇਸ਼ਾਨ ਚੱਲ ਰਹੇ ਗਰੀਬ ਪਰਿਵਾਰਾਂ ਦੇ ਹੱਕ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਆਵਾਜ਼ ਚੁੱਕਦੇ ਹੋਏ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਡੀ.ਐੱਫ.ਸੀ. ਦਫ਼ਤਰ ਬਾਹਰ ਧਰਨਾ ਦਿੱਤਾ। ਜਥੇਬੰਦੀ ਦੇ ਆਗੂ ਖਿਲਾਰਾ ਸਿੰਘ ਪੰਨੂੰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਆ ਰਹੀ ਗਰੀਬਾਂ ਨੂੰ ਦੇਣ ਵਾਲੀ ਮੁਫ਼ਤ ਕਣਕ ਗਰੀਬ ਲੋਕਾਂ ਨੂੰ ਨਹੀਂ ਮਿਲ ਰਹੀ, ਜਿਸ ਦੇ ਰੋਸ ਵਜੋਂ ਡੀ.ਐੱਫ.ਸੀ. ਦਾ ਦਫ਼ਤਰ ਘੇਰਿਆ ਗਿਆ ਤੇ ਅਧਿਕਾਰੀਆਂ ਦੀ ਮਨਮਾਨੀ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਵਿਭਾਗ ਦੇ ਕਈ ਅਧਿਕਾਰੀ ਪਹਿਲਾਂ ਵੀ ਕਣਕ ਨੂੰ ਖੁਰਦ-ਬੁਰਦ ਕਰਨ ਦੇ ਮਾਮਲਿਆਂ ਵਿੱਚ ਨੌਕਰੀ ਤੋਂ ਬਰਖ਼ਾਸਤ ਕੀਤੇ ਜਾ ਚੁੱਕੇ ਹਨ, ਪਰ ਵਿਭਾਗ ਦੇ ਅਧਿਕਾਰੀਆਂ ਦਾ ਹਾਲ ਬਹੁਤ ਮਾੜਾ ਹੋ ਚੁੱਕਾ ਹੈ। ਉਨ੍ਹਾਂ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਡੀ.ਐੱਫ.ਸੀ. ਫ਼ਿਰੋਜ਼ਪੁਰ ਦੇ ਦਫ਼ਤਰ ਦੀ ਬਾਰੀਕੀ ਨਾਲ ਜਾਂਚ ਕਾਰਵਾਈ ਜਾਵੇ ਤੇ ਭ੍ਰਿਸ਼ਟ ਅਧਿਕਾਰੀਆਂ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਕਿ ਗਰੀਬ ਲੋਕ ਕਣਕ ਤੋਂ ਵਾਂਝੇ ਨਾ ਰਹਿਣ। ਇਸ ਮੌਕੇ ਅਵਤਾਰ ਸਿੰਘ, ਇੰਦਰਜੀਤ ਸਿੰਘ, ਗੁਰਮੇਲ ਸਿੰਘ, ਲਵਦੀਪ ਸਿੰਘ, ਸੁਖਵਿੰਦਰ ਸਿੰਘ, ਸੁਖਵੰਤ ਸਿੰਘ, ਮਨਜੀਤ ਸਿੰਘ, ਜੁਗਰਾਜ ਸਿੰਘ, ਮੋਹਿੰਦਰ ਕੌਰ, ਰੇਸ਼ਮ ਸਿੰਘ, ਮਨਜੀਤ ਸਿੰਘ, ਅਮਰਜੀਤ ਸਿੰਘ ਆਗੂ ਹਾਜ਼ਰ ਸਨ।

ਜਨਤਕ ਜਥੇਬੰਦੀਆਂ ਦੀ ਦਿੱਲੀ ਰੈਲੀ ਦੀ ਮਾਕਪਾ ਵੱਲੋਂ ਹਮਾਇਤ ਦਾ ਐਲਾਨ

ਫਸਲ ਖਰੀਦ ਖਰਚੇ ਵਿੱਚ ਕਟੌਤੀ ਦੀ ਸਖਤ ਸ਼ਬਦਾਂ 'ਚ ਨਿਖੇਧੀ

ਮਾਨਸਾ (ਪਮਾਰ)-ਸਥਾਨਕ ਬਾਬਾ ਗੱਜਣ ਸਿੰਘ ਟਾਂਡੀਆ ਭਵਨ ਵਿਖੇ ਸੀ ਪੀ ਆਈ (ਐੱਮ) ਤਹਿਸੀਲ ਕਮੇਟੀ ਦੀ ਇੱਕ ਅਹਿਮ ਮੀਟਿੰਗ ਕਾਮਰੇਡ ਰਾਜਿੰਦਰ ਸਿੰਘ ਹੀਰੇਵਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ (ਐੱਮ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਤੇ ਜ਼ਿਲ੍ਹਾ ਸਕੱਤਰ ਕਾਮਰੇਡ ਬਲਦੇਵ ਸਿੰਘ ਬਾਜੇਵਾਲਾ ਨੇ ਕਿਹਾ ਕਿ ਦੇਸ਼ ਦੀਆਂ ਪ੍ਰਮੁੱਖ ਤਿੰਨ ਜਨਤਕ ਜਥੇਬੰਦੀਆਂ ਵੱਲੋਂ 5 ਅਪ੍ਰੈਲ ਨੂੰ ਦਿੱਲੀ ਵਿਖੇ ਮੋਦੀ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਵਿਰੁੱਧ ਕੀਤੀ ਜਾ ਰਹੀ ਰੋਸ ਰੈਲੀ ਦੀ ਪਾਰਟੀ ਪੂਰਨ ਹਮਾਇਤ ਕਰਦੀ ਹੈ ਤੇ ਪਾਰਟੀ ਦੇ ਹਰੇਕ ਮੈਂਬਰ ਨੂੰ ਹੁਣੇ ਤੋਂ ਹੀ 5 ਅਪ੍ਰੈਲ ਦੀ ਦਿੱਲੀ ਰੈਲੀ ਦੀ ਤਿਆਰੀ ਵਿੱਚ ਦਿਨ-ਰਾਤ ਇੱਕ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਫਸਲ ਖਰੀਦ ਖਰਚੇ 'ਤੇ ਲਾਏ ਗਏ ਕੱਟ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਉਨ੍ਹਾ ਕਿਹਾ ਕਿ ਇਹ ਕੱਟ ਲਾ ਕੇ ਕੇਂਦਰ ਦੀ ਮੋਦੀ ਹਕੂਮਤ ਨੇ ਕਿਸਾਨੀ 'ਤੇ ਇੱਕ ਹੋਰ ਬਦਲਾ ਲਊ ਹਮਲਾ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸੀ ਪੀ ਆਈ (ਐੱਮ) ਦੇ ਕਾਰਜਕਾਰੀ ਤਹਿਸੀਲ ਸਕੱਤਰ ਕਾਮਰੇਡ ਕਰਨੈਲ ਸਿੰਘ ਭੀਖੀ ਨੇ ਕਿਹਾ ਕਿ ਮੈਂਬਰਸ਼ਿਪ ਨਵੀਨੀਕਰਨ ਦੀ ਮੁਹਿੰਮ ਚੱਲ ਰਹੀ ਤੇ ਕੁਝ ਕੁ ਦਿਨਾਂ ਵਿੱਚ ਮੈਂਬਰਸ਼ਿਪ ਦਾ ਨਵੀਨੀਕਰਨ ਮੁਕੰਮਲ ਕਰਕੇ ਜ਼ਿਲ੍ਹਾ ਸਕੱਤਰ ਕੋਲ ਫਾਰਮ ਤੇ ਲੈਵੀ ਫੀਸ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਰਾਜੂ ਗੋਸਵਾਮੀ, ਗੁਰਤੇਜ ਭੂਪਾਲ, ਦਰਸ਼ਨ ਧਲੇਵਾਂ, ਨਿਰਮਲ ਸਿੰਘ ਬੱਪੀਆਣਾ, ਜਿੰਦਰ ਸਿੰਘ ਜੋਗਾ, ਬੇਅੰਤ ਸਿੰਘ ਖੀਵਾ, ਭਰਤ ਕੁਮਾਰ ਆਦਿ ਹਾਜ਼ਰ ਸਨ।

ਕਾਤਰਾਂ

84 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ 84 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰਕੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੀ ਜਮਾਨਤ ਹੋ ਚੁੱਕੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਹਰਜੀਤ ਸਿੰਘ ਨੇ ਦੱਸਿਆ ਕਿ ਮੁਖਬਰ ਨੇ ਇਤਲਾਹ ਦਿੱਤੀ ਕਿ ਮੇਜਰ ਸਿੰਘ ਉਰਫ ਗੁਰਵਿੰਦਰ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਨਜਾਇਜ਼ ਸ਼ਰਾਬ ਵੇਚਣ ਦਾ ਆਦੀ ਹੈ, ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ, ਜਿਸ 'ਤੇ ਪੁਲਸ ਨੇ ਰੇਡ ਕਰਕੇ ਮੇਜਰ ਸਿੰਘ ਉਰਫ ਗੁਰਵਿੰਦਰ ਸਿੰਘ ਨੂੰ 84 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕਰ ਲਿਆ। ਪੁਲਸ ਨੇ ਉਕਤ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ ਕੈਂਪ ਭਲਕੇ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨੇਤਰਦਾਨ ਮਹਾਦਾਨ ਸ੍ਰੀ ਮਹੰਤ ਰਾਮ ਨਰਾਇਣ ਗੀਰੀ ਜੀ ਤਿਰਵੈਣੀ ਗਿਰੀ ਆਸ਼ਰਮ ਦੇ ਆਸ਼ੀਰਵਾਦ ਨਾਲ ਪੁਨਰਜੋਤੀ ਆਈ ਡੋਨੇਸ਼ਨ ਸੁਸਾਇਟੀ ਵੱਲੋਂ 72ਵਾਂ ਅੱਖਾਂ ਦਾ ਚੈੱਕਅੱਪ ਤੇ ਆਪ੍ਰੇਸ਼ਨ (ਲੈਂਜ) ਕੈਂਪ 26 ਵਰਵਰੀ ਨੂੰ ਸਵੇਰੇ 9 ਤੋਂ 1 ਵਜੇ ਤੱਕ ਸਥਾਨਕ ਸੰਤ ਤਿਰਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਨੇੜੇ ਬੱਸ ਸਟੈਂਡ ਵਿਖੇ ਲਗਾਇਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਰਾਕੇਸ਼ ਤਾਇਲ ਨੇ ਦੱਸਿਆ ਕਿ ਜੋ ਮਰੀਜ਼ ਆਪ੍ਰੇਸ਼ਨ ਲਈ ਚੁਣੇ ਜਾਣਗੇ, ਉਨ੍ਹਾਂ ਦਾ ਸਾਰਾ ਖਰਚ ਹਸਪਤਾਲ ਸੁਸਾਇਟੀ ਵੱਲੋਂ ਕੀਤਾ ਜਾਵੇਗਾ। ਆਪ੍ਰੇਸ਼ਨ ਵਾਲੇ ਮਰੀਜ਼ ਅਪਣੇ ਨਾਲ ਫੋਟੋ ਪਹਿਚਾਣ ਪੱਤਰ (ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ ਜਾਂ ਹੋਰ ਸਬੂਤ ਲੈ ਕੇ ਆਉਣ)। ਉਨ੍ਹਾ ਦੱਸਿਆ ਕਿ ਆਪ੍ਰੇਸ਼ਨ ਕਰਾਉਣ ਵਾਲੇ ਮਰੀਜ਼ ਕਰੋਨਾ ਟੈਸਟ ਕਰਵਾ ਕੇ ਅਉਣ ਜਾਂ ਦੂਜੇ ਟੀਕੇ ਦਾ ਸਰਟੀਫਿਕੇਟ ਲੈ ਕੇ ਆਉਣ।

11 ਬੱਚੀਆਂ ਦੇ ਵਿਆਹ ਲਈ ਕੰਨਿਆਦਾਨ ਦਾ ਖਰਚ ਦਿੱਤਾ

ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ)-ਮਾਤਾ ਗੁਜਰੀ ਜੀ ਭਲਾਈ ਕੇਂਦਰ ਬੁਢਲਾਡਾ ਦੇ ਮੈਂਬਰ ਸ੍ਰੀਮਤੀ ਕੁਲਦੀਪ ਕੌਰ (ਸਿਮਰਨ) ਇੰਗਲੈਂਡ ਵਾਲੇ ਸਪੁੱਤਰੀ ਸਵ: ਸੁਖਜੀਤ ਸਿੰਘ ਭਾਰਤ (ਪੰਜਾਬ) ਆਏ ਹੋਏ ਹਨ। ਉਹ ਤੇ ਉਨ੍ਹਾਂ ਦੇ ਭੈਣ ਜੀ ਪਿਛਲੇ ਦਿਨੀਂ ਸੰਸਥਾ ਦੇ ਦਫਤਰ ਆਏ। ਉਨ੍ਹਾਂ ਵੱਲੋਂ 5 ਮਾਰਚ ਨੂੰ 11 ਬੱਚੀਆਂ ਦੇ ਵਿਆਹ ਮਹਾਂਉਤਸਵ ਲਈ ਇੱਕ ਬੱਚੀ ਦੇ ਕੰਨਿਆ ਦਾਨ ਦਾ ਪੂਰਾ ਖਰਚਾ ਤੇ ਲੋੜਵੰਦ ਬੱਚਿਆਂ ਦੀ ਫੀਸ ਲਈ 60000 ਰੁਪਏ ਦੀ ਰਾਸ਼ੀ ਵੀ ਦਾਨ ਵਜੋਂ ਦਿੱਤੀ ਗਈ। ਸੰਸਥਾ ਵਲੋਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਸੰਸਥਾ ਦੇ ਮੈਂਬਰ ਬਲਦੇਵ ਕੱਕੜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸੇ ਹੀ ਤਰ੍ਹਾਂ ਸੰਸਥਾ ਨੂੰ ਦਾਨ ਕਰਦੇ ਰਹਿਣ ਤਾਂ ਜੁ ਲੋਕਾਂ ਦੇ ਭਲਾਈ ਦੇ ਕੰਮ ਹੁੰਦੇ ਰਹਿਣ।

ਸਾਥੀ ਕੁਲਵੰਤ ਸਿੰਘ ਚਾਨੀ ਨੂੰ ਸਦਮਾ, ਸੁਪਤਨੀ ਦੀ ਮੌਤ

ਕੋਟਕਪੂਰਾ (ਰਛਪਾਲ ਭੁੱਲਰ)-ਮੁਲਾਜ਼ਮ ਆਗੂ ਸਾਥੀ ਕੁਲਵੰਤ ਸਿੰਘ ਚਾਨੀ ਦੀ ਸੁਪਤਨੀ ਸ੍ਰੀਮਤੀ ਮਨਜੀਤ ਕੌਰ, ਜੋ ਪਿਛਲੇ ਕਈ ਦਿਨਾਂ ਤੋਂ ਅਪੋਲੋ ਹਸਪਤਾਲ ਲੁਧਿਆਣਾ ਵਿੱਚ ਦਾਖ਼ਲ ਸਨ, ਦਾ ਦਿਹਾਂਤ ਹੋਣ ਦਾ ਸਮਾਚਾਰ ਪ੍ਰਾਪਤ ਹੋਣ 'ਤੇ ਇਲਾਕੇ ਦੇ ਮੁਲਾਜ਼ਮਾਂ ਤੇ ਸੇਵਾਮੁਕਤ ਮੁਲਾਜ਼ਮਾਂ ਵਿੱਚ ਸੋਗ ਦੀ ਲਹਿਰ ਫੈਲ ਗਈ।

ਮੂੰਮ ਦਾ ਕਬੱਡੀ ਮਹਾਂਕੁੰਭ 2 ਤੋਂ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਆਜ਼ਾਦ ਸਪੋਰਟਸ ਕਲੱਬ, ਪ੍ਰਵਾਸੀ ਭਾਰਤੀਆਂ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਸੰਤ ਈਸ਼ਰ ਦਾਸ ਯਾਦਗਾਰੀ ਸ਼ਾਨਦਾਰ ਕਬੱਡੀ ਮਹਾਂਕੁੰਭ 2 ਤੇ 3 ਮਾਰਚ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਮੂੰਮ (ਬਰਨਾਲਾ) ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਟੂਰਨਾਮੈਂਟ ਦੌਰਾਨ ਪਹਿਲੇ ਦਿਨ ਕਬੱਡੀ 50, 75 ਕਿੱਲੋ ਤੇ ਤਾਸ਼ ਸ਼ੀਪ ਦੇ ਮੁਕਾਬਲੇ ਕਰਵਾਏ ਜਾਣਗੇ, ਦੂਸਰੇ ਦਿਨ ਕਬੱਡੀ ਓਪਨ ਦੇ ਦਿਲਚਸਪ ਮੁਕਾਬਲੇ ਦੇਖਣ ਨੂੰ ਮਿਲਣਗੇ। ਉਨ੍ਹਾ ਕਬੱਡੀ ਪ੍ਰੇਮੀਆਂ ਨੂੰ ਇਸ ਟੂਰਨਾਮੈਂਟ ਦੌਰਾਨ ਵਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ।

ਦੀਪ ਸਿੱਧੂ ਦੀ ਬਰਸੀ ਭਲਕੇ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਬਲਾਕ ਧਰਮਕੋਟ ਦੀ ਇਕ ਜ਼ਰੂਰੀ ਮੀਟਿੰਗ ਧਰਮਕੋਟ ਵਿਖੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਬਲਰਾਜ ਸਿੰਘ ਖਾਲਸਾ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੰਸਦ ਮੈਂਬਰ ਦੇ ਦਿਸ਼ਾ-ਨਿਰਦੇਸ਼ਾਂ ਹੇਠ 26 ਫਰਵਰੀ ਨੂੰ ਗੁਰਦੁ

25-FEB-2023-page-11.qxd 2/24/2023 10:36 PM Page 1

ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਕਾਨਫਰੰਸ ਦਾ ਆਯੋਜਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰਿਸਰਚ, ਸ੍ਰੀ ਅੰਮ੍ਰਿਤਸਰ ਦੇ ਫੋਰੈਂਸਿਕ ਮੈਡੀਸਨ ਐਂਡ ਟੋਕਸੀਕੋਲੋਜੀ ਵਿਭਾਗ ਦੁਆਰਾ ਇੰਡੀਅਨ ਅਕੈਡਮੀ ਆਫ਼ ਫੋਰੈਂਸਿਕ ਮੈਡੀਸਨ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਵਿਖੇ ਰਾਸ਼ਟਰੀ ਪੱਧਰ ਦੀ ਸਾਲਾਨਾ ਕਾਨਫਰੰਸ 'ਫੋਰੈਂਸਿਕ ਮੈਡੀਕੋਨ 2023' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਸੁਖਚੈਨ ਸਿੰਘ ਗਿੱਲ, ਇੰਸਪੈਕਟਰ ਜਨਰਲ ਆਫ਼ ਪੁਲਿਸ ਅਤੇ ਪੰਜਾਬ ਦੇ ਮੁੱਖ ਮੰਤਰੀ ਦੇ ਨੋਡਲ ਅਫ਼ਸਰ ਨੇ ਬਤੌਰ ਮੁੱਖ ਮਹਿਮਾਨ ਅਤੇ ਪ੍ਰਿਅੰਕ ਕਾਨੂਗੋ, ਚੇਅਰਪਰਸਨ, ਨੈਸ਼ਨਲ ਕਮਿਸ਼ਨ ਆਫ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ, ਭਾਰਤ ਸਰਕਾਰ ਨੇ ਬਤੌਰ ਗੈਸਟ ਆਫ਼ ਆਨਰ ਵਜੋਂ ਸ਼ਿਰਕਤ ਕੀਤੀ।

ਭਾਰਤ ਭਰ ਤੋਂ 500 ਤੋਂ ਵੱਧ ਡੈਲੀਗੇਟਾਂ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਕਾਨਫਰੰਸ ਵਿੱਚ ਹਿੱਸਾ ਲੈ ਕੇ ਆਪਣੇ ਗਿਆਨ ਵਿੱਚ ਵਾਧਾ ਕੀਤਾ। ਕਾਨਫਰੰਸ ਵਿੱਚ ਵੱਖ-ਵੱਖ ਵਿਸ਼ਿਆਂ 'ਤੇ 45 ਵੱਖ-ਵੱਖ ਸੈਸ਼ਨ ਹੋਏ। ਦੇਸ਼ ਭਰ ਦੇ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਡਾ. ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਇਹ ਕਾਨਫਰੰਸ ਫੋਰੈਂਸਿਕ ਮੈਡੀਸਨ ਦੇ ਮੁੱਦਿਆਂ 'ਤੇ ਵਿਗਿਆਨਕ ਵਿਚਾਰ-ਵਟਾਂਦਰਾ ਕਰਕੇ ਇਸ ਵਿੱਚ ਉੱਭਰ ਰਹੀਆਂ ਤਕਨੀਕਾਂ, ਉੱਨਤ ਗਿਆਨ ਅਤੇ ਨਵੇਂ ਔਜ਼ਾਰਾਂ 'ਤੇ ਨਵੀਂ ਰੋਸ਼ਨੀ ਪਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਬਲਜੀਤ ਸਿੰਘ ਖੁਰਾਣਾ, ਰਜਿਸ਼ਟਰਾਰ ਅਤੇ ਆਰਗਨਾਇਜ਼ਿੰਗ ਚੇਅਰਪਰਸਨ, ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਸ੍ਰੀ ਅੰਮ੍ਰਿਤਸਰ, ਡਾ. ਪੰਕਜ ਗੁਪਤਾ, ਇਗਜਾਮੀਨੇਸ਼ਨ ਕੰਟਰੋਲਰ ਅਤੇ ਆਰਗਨਾਇਜ਼ਿੰਗ ਸਕੱਤਰ, ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਸ੍ਰੀ ਅੰਮ੍ਰਿਤਸਰ, ਡਾ. ਰਾਜੀਵ ਚੌਧਰੀ, ਪ੍ਰੋਫੈਸਰ, ਫੋਰੈਂਸਿਕ ਮੈਡੀਸਨ ਵਿਭਾਗ ਅਤੇ ਹੋਰ ਅਹਿਮ ਸ਼ਖਸੀਅਤਾਂ ਹਾਜ਼ਰ ਸਨ।

ਅਯੋਗ ਪਾਏ ਗਏ ਸਮਾਰਟ ਰਾਸ਼ਨ ਕਾਰਡਾਂ ਨੂੰ ਕੀਤਾ ਜਾਵੇਗਾ ਰੱਦ : ਡੀ ਸੀ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਪੋਰਟਲ ਤੇ ਪਹਿਲਾਂ ਤੋਂ ਮੌਜੂਦ ਰਾਸਨ ਕਾਰਡਾਂ ਦੀ ਸਰਕਾਰ ਵੱਲੋਂ ਵੈਰੀਫਿਕੇਸ਼ਨ ਕਰਵਾਈ ਗਈ ਸੀ ਅਤੇ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਵੈਰੀਫਿਕੇਸ਼ਨ ਰਿਪੋਰਟ/ਵਿਭਾਗ ਪਾਸੋਂ ਪ੍ਰਾਪਤ ਆਨ ਲਾਈਨ ਡਾਟਾ ਦੇ ਅਧਾਰ 'ਤੇ ਵੱਖ-ਵੱਖ ਮਾਪਦੰਡਾਂ ਅਧੀਨ ਕਈ ਖਪਤਕਾਰਾਂ ਦੇ ਰਾਸ਼ਨ ਕਾਰਡ ਆਯੋਗ ਪਾਏ ਗਏ ਹਨ ਜਿਨ੍ਹਾਂ ਦੀਆਂ ਸੂਚੀਆਂ ਡਿਪੂ ਹੋਲਡਰਾਂ ਕੋਲ ਲਗਾ ਦਿੱਤੀਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਪ੍ਰੀਤ ਸਿੰਘ ਸੂਦਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਦੱਸਿਆ ਕਿ ਜਿਨ੍ਹਾਂ ਖਪਤਕਾਰਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਰਾਸ਼ਨ ਕਾਰਡ ਨਾਜਾਇਜ ਤੌਰ ਤੇ ਆਯੋਗ ਕਰਾਰ ਦਿੱਤੇ ਗਏ ਹਨ, ਉਹ 27 ਫਰਵਰੀ, 2023 ਤੱਕ ਸਬੰਧਤ ਨਿਰੀਖਕ ਖੁਰਾਕ ਤੇ ਸਪਲਾਈ/ਸਹਾਇਕ ਖੁਰਾਕ ਤੇ ਸਪਲਾਈ ਦੇ ਦਫਤਰ ਵਿਖੇ ਆਪਣੀ ਸਵੈ ਘੋਸ਼ਣਾ ਅਤੇ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾ ਸਕਦਾ ਹਨ। ਉਨ੍ਹਾਂ ਦੱਸਿਆ ਕਿ 27 ਫਰਵਰੀ ਤੋਂ ਬਾਅਦ ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਸਬੰਧਤ ਵਿਭਾਗ ਵੱਲੋਂ ਨਹੀਂ ਵਿਚਾਰਿਆ ਜਾਵੇਗਾ।

ਸ਼੍ਰੀ ਸੂਦਨ ਨੇ ਦੱਸਿਆ ਕਿ ਜੇਕਰ ਕਿਸੇ ਰਾਸ਼ਨ ਕਾਰਡ ਹੋਲਡਰ ਦਾ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਜਾਂ ਉਸਦੇ ਵੱਲੋਂ ਦਿੱਤੇ ਤੱਥ/ਸਬੂਤ ਸੰਤੋਸ਼ਜਨਕ ਨਹੀਂ ਪਾਏ ਜਾਂਦੇ ਤਾਂ ਉਸ ਦਾ ਰਾਸ਼ਨ ਕਾਰਡ 27 ਫਰਵਰੀ, 2023 ਤੋਂ ਬਾਅਦ ਸਰਕਾਰੀ ਹਦਾਇਤਾਂ ਅਨੁਸਾਰ ਆਯੋਗ ਪਾਉਂਦੇ ਹੋਏ ਰੱਦ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਰਾਸ਼ਨ ਕਾਰਡ ਹੋਲਡਰ ਦਾ ਸਵੈ ਘੋਸ਼ਣਾ ਜਾਂ ਰਿਕਾਰਡ ਅਨੁਸਾਰ ਗਲਤ ਪਾਇਆ ਜਾਂਦਾ ਹੈ ਤਾਂ ਖਪਤਕਾਰ ਵਿਰੁੱਧ ਬਣਦੀ ਕਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਸਮੂਹ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਆਪਣੇ ਇਤਰਾਜ਼ ਕਰਵਾਉਣ ਵਿੱਚ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਖਪਤਕਾਰ ਦਫਤਰ ਜਿਲ੍ਹਾ ਕੰਟਰੋਲਰ ਖੁਰਾਕ ਤੇ ਸਿਵਲ ਸਪਲਾਈ ਵਿਖੇ ਵੀ ਆਪਣਾ ਇਤਰਾਜ਼ ਦਰਜ ਕਰਵਾ ਸਕਦੇ ਹਨ।

ਰਵਿੰਦਰਜੀਤ ਕੌਰ ਦੀ ਮੁਅੱਤਲੀ ਰੱਦ ਕੀਤੀ ਜਾਵੇ : ਬਲਕਾਰ ਵਲਟੋਹਾ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਬਲਾਕ ਐਲੀਮੈਂਟਰੀ ਸਿੱਖਿਆ ਅਫਸਰ ਬਲਾਕ-4 ਅੰਮ੍ਰਿਤਸਰ ਰਵਿੰਦਰਜੀਤ ਕੌਰ (ਮੁਅੱਤਲੀ ਅਧੀਨ) ਆਪਣੀ ਸਾਰੀ ਸੇਵਾ ਦੌਰਾਨ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਸੇਵਾ ਨਿਭਾਉਣ ਵਾਲੀ ਅਫਸਰ ਹੈ। ਵਰਦੀਆਂ ਖਰੀਦਣ ਦੇ ਮਾਮਲੇ ਵਿੱਚ ਵੀ ਉਸਨੇ ਕੋਈ ਕਥਿਤ ਕਮਿਸ਼ਨ ਵਗੈਰਾ ਨਹੀਂ ਲਿਆ। ਸਿਰਫ ਸਰਕਾਰ ਵਲੋਂ ਸਮੇਂ ਸਿਰ ਵਿਸਥਾਰਪੂਰਵਕ ਤੇ ਸਪੱਸ਼ਟ ਹਦਾਇਤਾਂ ਨਾ ਹੋਣ ਕਾਰਨ ਉਹ ਚਰਚਾ ਵਿੱਚ ਆ ਗਏ।

ਉਨਾਂ ਦੀ ਇਮਾਨਦਾਰੀ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਬਲਾਕ ਚੋਗਾਵਾਂ ਦੇ ਬਲਾਕ ਸਿੱਖਿਆ ਅਫਸਰ ਦਲਜੀਤ ਸਿੰਘ ਵੀ ਇਮਾਨਦਾਰ ਤਬੀਅਤ ਦੇ ਮਾਲਕ ਹਨ। ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਨ੍ਹਾਂ ਦੀ ਮੁਅਤਲੀ ਰੱਦ ਕਰਦਿਆਂ ਨਿਰਪੱਖ ਜਾਂਚ ਕਰਨੀ ਚਾਹੀਦੀ ਹੈ। ਪ੍ਰੈਸ ਬਿਆਨ ਰਾਹੀਂ ਇਹ ਮੰਗ ਕਰਦਿਆਂ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ, ਪੰਜਾਬ ਦੇ ਸੂਬਾਈ ਸਲਾਹਕਾਰ ਬਲਕਾਰ ਸਿੰਘ ਵਲਟੋਹਾ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਬਲਜਿੰਦਰ ਸਿੰਘ ਵਡਾਲੀ, ਜਨਰਲ ਸਕੱਤਰ ਰਕੇਸ ਧਵਨ, ਪਸਸਫ ਆਗੂ ਹਰਦੇਵ ਸਿੰਘ ਭਕਨਾ ਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਜਨਰਲ ਸਕੱਤਰ ਸਤਪਾਲ ਗੁਪਤਾ ਨੇ ਕਿਹਾ ਕਿ ਸਿਰਫ ਅਧਿਕਾਰੀਆਂ ਵਲੋਂ ਛੋਤੀ ਕਰਨ ਦੀਆਂ ਹਿਦਾਇਤਾਂ ਦੀ ਤੇਜ਼ੀ ਨਾਲ ਪਾਲਣਾ ਕਰਨ ਕਰਕੇ ਕੋਈ ਨਿਯਮਾਂ ਅਨੁਸਾਰ ਕੋਈ ਤਕਨੀਕੀ ਭੁੱਲ ਹੋਣਾ ਸੁਭਾਵਕ ਹੈ ਪਰ ਇਹ ਪੈਸਾ ਖਾਣ ਵਾਲੇ ਅਧਿਕਾਰੀ ਨਹੀਂ ਹਨ। ਇਨ੍ਹਾਂ ਅਧਿਕਾਰੀਆਂ ਦੇ ਅਧੀਨ ਅਧਿਆਪਕ ਵੀ ਚਰਚਾ ਕਰਦੇ ਹਨ ਕਿ ਇਨ੍ਹਾਂ ਨਾਲ ਧੱਕਾ ਹੋਇਆ ਹੈ। ਆਗੂਆਂ ਨੇ ਜੋਰਦਾਰ ਮੰਗ ਕੀਤੀ ਕਿ ਸਰਕਾਰ ਤੇ ਵਿਭਾਗ ਇਹਨਾਂ ਅਧਿਕਾਰੀਆਂ ਪ੍ਰਤੀ ਭ੍ਰਿਸ਼ਟ ਵਿਅਕਤੀ ਸਮਝ ਕੇ ਕਾਰਵਾਈ ਨਾ ਕਰੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਇੱਕ ਇਮਾਨਦਾਰ ਤੇ ਮਿਹਨਤੀ ਅਧਿਕਾਰੀ ਤੇ ਅਜਿਹਾ ਵੱਡਾ ਇਲਜ਼ਾਮ ਲੱਗ ਜਾਣ ਨਾਲ ਵਧੀਆ ਸੇਵਾਵਾਂ ਨਿਭਾਉਣ ਵਾਲੇ ਕਰਮਚਾਰੀ ਤੇ ਅਧਿਕਾਰੀ ਨਿਰਾਸ਼ ਹੁੰਦੇ ਹਨ ਤੇ ਇਨ੍ਹਾਂ ਦੋਹਾਂ ਮੁਅੱਤਲ ਸਿੱਖਿਆ ਅਧਿਕਾਰੀਆਂ ਤੇ ਵੀ ਵੱਡਾ ਮਾਨਸਿਕ ਬੋਝ ਹੈ। ਸੋ ਸਰਕਾਰ ਤੇ ਵਿਭਾਗ ਨੂੰ ਇਨ੍ਹਾਂ ਬਾਰੇ ਛੇਤੀ ਤੇ ਵੱਖਰੇ ਢੰਗ ਨਾਲ ਫੈਸਲਾ ਲੈਣਾ ਚਾਹੀਦਾ ਹੈ ਕਿਉਂਕਿ ਮੈਡਮ ਰਵਿੰਦਰਜੀਤ ਕੌਰ ਦੀ ਸੇਵਾ ਮੁਕਤੀ ਵੀ 28 ਫਰਵਰੀ ਨੂੰ ਹੈ।

ਦਸ ਦਿਨ ਤੋਂ ਲਾਪਤਾ ਨੌਜਵਾਨ ਦਾ ਮਾਮਲਾ ਪੁੱਜਾ ਕਮਿਸ਼ਨ ਕੋਲ

ਪਰਿਵਾਰ ਨੇ ਪੁਲਸ 'ਤੇ ਕਾਰਵਾਈ ਨਾ ਕਰਨ ਦੇ ਲਾਏ ਦੋਸ਼

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਘੱਟ ਗਿਣਤੀ ਕਮਿਸਨ ਪੰਜਾਬ ਦੇ ਮੈਂਬਰ ਡਾ. ਸੁਭਾਸ਼ ਮਸੀਹ ਬੋਬਾ ਨੂੰ ਅੱਜ ਸਾਰੇ ਮਸਲੇ ਬਾਰੇ ਮਿਲ ਕੇ ਜਾਣੂ ਕਰਵਾਉਦੇ ਹੋਏ ਲੜਕੇ ਦੇ ਪਿਤਾ ਬਲਵਿੰਦਰ ਸਹੋਤਾ ਵਾਸੀ ਛੇਹਰਟਾ ਅੰਮ੍ਰਿਤਸਰ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਪਿਛਲੇ 10 ਦਿਨਾਂ ਤੋ ਲਾਪਤਾ ਹੈ। ਉਨ੍ਹਾਂ ਦਾ ਬੇਟਾ ਰਣਜੀਤ ਐਵੀਨਿਊ ਕਿਸੇ ਪ੍ਰਾਈਵੇਟ ਕੰਪਨੀ ਦੇ ਦਫਤਰ ਵਿਚ ਨੌਕਰੀ ਕਰਦਾ ਸੀ ਅਤੇ 15 ਫਰਵਰੀ 23 ਨੂੰ ਸ਼ਾਮ ਨੂੰ ਫੋਨ ਕਰਕੇ ਦੱਸਿਆ ਕਿ ਉਹ ਦਫਤਰ ਦੇ ਕੰਮ ਚੰਡੀਗੜ੍ਹ ਜਾ ਰਿਹਾ ਹੈ। ਜਦ ਅਸੀਂ ਅਗਲੇ ਦਿਨ ਸਵੇਰੇ ਆਪਣੇ ਲੜਕੇ ਨੂੰ ਫੋਨ ਕੀਤਾ ਤਾਂ ਉਸ ਦਾ ਫੋਨ ਬੰਦ ਆ ਰਿਹਾ ਸੀ, ਜਿਸ ਦਾ ਅੱਜ ਤੱਕ ਸਾਨੂੰ ਪਤਾ ਨਹੀ ਲੱਗਾ। ਇਸ ਸਬੰਧ ਵਿਚ ਥਾਣਾ ਰਣਜੀਤ ਐਵੀਨਿਊ ਵਿਖੇ ਆਪਣੀ ਦਰਖਾਸਤ 17 ਫਰਵਰੀ ਨੂੰ ਦੇ ਦਿੱਤੀ ਸੀ ਜਿਸ ਦਾ ਡਾਇਰੀ ਨੰ; 11 ਦਰਜ ਹੈ, ਪਰ ਪੁਲਸ ਵਲੋਂ ਅੱਜ ਤੱਕ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਅਤੇ ਇਸ ਸਬੰਧ ਵਿਚ ਪਰਿਵਾਰਿਕ ਮੈਂਬਰਾਂ ਵਲੋ ਥਾਣਾ ਖਰੜ ਵਿਖੇ ਵੀ 19 ਫਰਵਰੀ ਨੂੰ ਲਿਖਤੀ ਰੂਪ ਵਿਚ ਦਿੱਤਾ ਹੈ ਜਿਸ ਦਾ ਡਾਇਰੀ ਨੰ: 401550 ਹੈ ਪਰ ਪਰਿਵਾਰ ਨੂੰ ਅੱਜ ਤੱਕ ਆਪਣੇ ਬੇਟੇ ਬਾਰੇ ਕੁਝ ਵੀ ਪਤਾ ਨਹੀਂ ਹੈ। ਇਸ ਬਾਬਤ ਮੈਂਬਰ ਘੱਟ ਗਿਣਤੀ ਕਮਿਸਨਰ ਪੰਜਾਬ ਵਲੋਂ ਪਰਿਵਾਰ ਨੂੰ ਵਿਸ਼ਵਾਸ ਦਵਾਇਆ ਹੈ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਪੁਲਸ ਕਮਿਸ਼ਨਰ ਅੰਮ੍ਰਿਤਸਰ ਅਤੇ ਮੋਹਾਲੀ ਪੁਲਸ ਤੋਂ ਵੀ ਇਸ ਸਬੰਧ ਵਿਚ ਜਲਦੀ ਕਾਰਵਾਈ ਕਰਨ ਲਈ ਕਹਿਣਗੇ ਤਾਂ ਜੋ ਪਰਿਵਾਰ ਦਾ ਲੜਕਾ ਮਿਲ ਸਕੇ।

ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਪਰਿਵਾਰ ਦਾ ਮਕਾਨ ਬਣਾਉਣ ਲਈ ਮਦਦ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਮਨੁੱਖਤਾ ਦੀ ਸੇਵਾ ਸਭ ਤੋ ਵੱਡੀ ਸੇਵਾ ਨੂੰ ਸਮਰਪਿਤ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਬਜ਼ੁਰਗ ਬਾਪੂ ਸੱਜਣ ਸਿੰਘ ਨੂੰ ਮਕਾਨ ਬਣਾਉਣ ਵਾਸਤੇ ਮਦਦ ਦਿੱਤੀ ਗਈ। ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਅਤੇ ਸਕੱਤਰ ਹਰਚਰਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਪੂ ਸੱਜਣ ਸਿੰਘ ਵਾਸੀ ਪੱਟੀ ਜਿਸ ਕੋਲ ਜਗਾਂ ਤਾ ਸੀ ਪਰ ਘਰ ਬਣਾਉਣ ਵਾਸਤੇ ਕੋਲ ਪ੍ਰਬੰਧ ਨਹੀਂ ਸੀ। ਪਰਿਵਾਰ ਵੱਲੋਂ ਟਰੱਸਟ ਪਾਸ ਪਹੁੰਚ ਕੀਤੀ ਗਈ ਸੀ ਕਿ ਸਾਡੀ ਯੋਗ ਮਦਦ ਕੀਤੀ ਜਾਵੇ! ਟਰੱਸਟ ਵੱਲੋਂ ਜਾਂਚ ਪੜਤਾਲ ਦੌਰਾਨ ਵੇਖਿਆ ਗਿਆ ਕਿ ਪਰਿਵਾਰ ਲੋੜਵੰਦ ਹੈ, ਬਾਪੂ ਦੇ ਦੋ ਬੇਟੇ ਨੇ ਜੋ ਦਿਹਾੜੀਦਾਰ ਹਨ। ਟਰੱਸਟ ਵੱਲੋਂ ਸੰਗਤ ਦੇ ਸਹਿਯੋਗ ਨਾਲ ਪਰਿਵਾਰ ਨੂੰ ਮਕਾਨ ਦੇ ਕਾਰਜ ਵਾਸਤੇ ਤਿੰਨ ਕਿਸ਼ਤਾਂ ਵਿੱਚ ਮਦਦ ਦਿੱਤੀ ਗਈ। ਪਹਿਲੀ ਕਿਸ਼ਤ ਵਿੱਚ 71500 ਰੁਪਏ, ਦੂਸਰੀ ਕਿਸ਼ਤ ਵਿੱਚ 20000 ਰੁਪਏ ਅਤੇ ਤੀਸਰੀ ਕਿਸ਼ਤ ਵਿੱਚ 50000 ਰੁਪਏ ਦੀ ਮਦਦ ਦਿੱਤੀ ਗਈ। ਇਸ ਤਰ੍ਹਾਂ ਟੋਟਲ 141500 ਰੁਪਏ ਦੀ ਮਦਦ ਸੰਗਤ ਦੇ ਸਹਿਯੋਗ ਨਾਲ ਟਰੱਸਟ ਵੱਲੋਂ ਕੀਤੀ ਗਈ! ਟਰੱਸਟ ਪ੍ਰਬੰਧਕ ਗੁਰਮੀਤ ਸਿੰਘ ਵੱਲੋਂ ਜਸ਼ਨਪ੍ਰੀਤ ਸਿੰਘ, ਕੁਲਦੀਪ ਸਿੰਘ ਥਾਂਦੀ ਅਤੇ ਸਿੱਖ ਸੇਵਾ ਸੁਸਾਇਟੀ ਨਿਊਯਾਰਕ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਨਾਂ ਦੱਸਿਆ ਕਿ ਟਰੱਸਟ ਵੱਲੋਂ ਪਿਛਲੇ ਉੱਨੀ ਸਾਲਾਂ ਤੋਂ ਮਨੁੱਖਤਾ ਦੇ ਭਲੇ ਦੀਆਂ ਸੇਵਾਵਾਂ ਨਿਰੰਤਰ ਚੱਲ ਰਹੀਆਂ ਹਨ ਅਤੇ ਅਗਾਂਹ ਵੀ ਗੁਰੂ ਸਾਹਿਬ ਦੀ ਕ੍ਰਿਪਾ ਅਤੇ ਸੰਗਤ ਦੇ ਸਹਿਯੋਗ ਨਾਲ ਨਿਰੰਤਰ ਚੱਲਦੀਆਂ ਰਹਿਣਗੀਆਂ! ਬਾਪੂ ਸੱਜਣ ਸਿੰਘ ਦੇ ਪਰਿਵਾਰ ਵੱਲੋਂ ਵੀ ਸਹਿਯੋਗ ਕਰਨ ਵਾਲੀ ਸੰਗਤ ਦਾ ਧੰਨਵਾਦ ਕੀਤਾ ਗਿਆ! ਇਸ ਮੌਕੇ ਟਰੱਸਟ ਦੇ ਸ੍ਰਪਰਸਤ ਡਾ. ਰਜਿੰਦਰ ਸਿੰਘ, ਮੀਤ ਪ੍ਰਧਾਨ ਸ਼੍ਰ ਬਲਬੀਰ ਸਿੰਘ, ਸਕੱਤਰ ਹਰਚਰਨ ਸਿੰਘ, ਖਜਾਨਚੀ ਅਮਨਦੀਪ ਸਿੰਘ, ਮੈਂਬਰ ਜਗਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਦਫਤਰ ਇੰਚਾਰਜ ਸੁਖਪਾਲ ਸਿੰਘ ਅਤੇ ਗੁਰਦੁਆਰਾ ਬੀਬੀ ਰਜਨੀ ਜੀ ਦੇ ਪ੍ਰਧਾਨ ਬਲਬੀਰ ਸਿੰਘ ਹਾਜ਼ਰ ਸਨ।

ਜੀ ਐੱਨ ਡੀ ਯੂ ਦੇ ਵਿਦਿਆਰਥੀਆਂ ਦੀ ਐੱਮ ਜੀ ਐੱਨ ਸੀ ਆਰ ਈ ਲਈ ਹੋਈ ਚੋਣ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਦੇ ਦੋ ਵਿਦਿਆਰਥੀਆਂ ਮੋਮਿਨ ਅਹਿਮਦ ਰਾਠਰ (ਰਿਸਰਚ ਸਕਾਲਰ) ਅਤੇ ਮਿਸ. ਨੀਲਮ (ਐਮ.ਐਡ. ਵਿਦਿਆਰਥੀ) ਨੂੰ ਮਹਾਤਮਾ ਗਾਂਧੀ ਨੈਸ਼ਨਲ ਕੌਂਸਲ ਆਫ ਰੂਰਲ ਐਜੂਕੇਸ਼ਨ (ਐੱਮਜੀਐੱਨਸੀਆਰਈ) ਦੀ ਪੇਡ ਇੰਟਰਨਸ਼ਿਪ ਪ੍ਰੋਗਰਾਮ ਲਈ ਚੁਣਿਆ ਗਿਆ ਹੈ। ਵਿਦਿਆਰਥੀਆਂ ਨੂੰ ਇਹ ਇੰਟਰਨਸ਼ਿਪ ਉਨ੍ਹਾਂ ਦੀ ਉਚ ਪਾਏ ਦੀ ਖੋਜ ਅਤੇ ਅਕਾਦਮਿਕਤਾ ਦੇ ਆਧਾਰ 'ਤੇ ਪ੍ਰਦਾਨ ਕੀਤੀ ਗਈ ਹੈ। ਸਮਾਜਿਕ ਅਤੇ ਦਿਹਾਤੀ ਵਿਕਾਸ ਲਈ ਖੋਜ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਉੱਚ ਸਿੱਖਿਆ ਵਿਭਾਗ ਦੇ ਅਧੀਨ ਮਹਾਤਮਾ ਗਾਂਧੀ ਨੈਸ਼ਨਲ ਕੌਂਸਲ ਆਫ ਰੂਰਲ ਐਜੂਕੇਸ਼ਨ ਅਧੀਨ ਕਾਰਜ ਕੀਤੇ ਜਾਂਦੇ ਹਨ ਅਤੇ ਇਹ ਇੰਟਰਨਸ਼ਿਪ ਇਸੇ ਸਕੀਮ ਅਧੀਨ ਪ੍ਰਦਾਨ ਕੀਤੀ ਗਈ ਹੈ। ਇਸ ਅਧੀਨ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਇੰਟਰਨਸ਼ਿਪ ਪ੍ਰਦਾਨ ਕੀਤੀ ਜਾਵੇਗੀ। ਇਸ ਇੰਟਰਨਸ਼ਿਪ ਦੇ ਤਹਿਤ ਸਕਿੱਲ ਲੈਬ ਮੈਨੂਅ

25-Feb-PAGE-12.qxd 2/24/2023 10:35 PM Page 1

ਜਨਮ ਦਿਨ ਮੁਬਾਰਕ

ਸਾਰੰਗ ਮੀਤ ਸਿੰਘ, ਬਟਾਲਾ

ਵਰ੍ਹੇਗੰਢ ਮੁਬਾਰਕ

ਦਵਿੰਦਰ ਸਿੰਘ ਅਤੇ ਵੀਰਪਾਲ ਕੌਰ ਵਾਸੀ ਧੂਰੀ ਨੇ ਵਿਆਹ ਦੀ ਵਰ੍ਹੇਗੰਢ ਮਨਾਈ

ਲੇਖਕ ਤਰਲੋਚਨ ਸਿੰਘ ਦੁਪਾਲਪੁਰ ਅਤੇ ਸਤਵੰਤ ਕੌਰ ਵਾਸੀ ਪਿੰਡ ਦੁਪਾਲ ਨੇ ਵਿਆਹ ਦੀ 44ਵੀਂ ਵਰ੍ਹੇਗੰਢ ਮਨਾਈ

ਰਵੀ ਅਤੇ ਮੀਨਕਾਸ਼ੀ ਵਾਸੀ ਸ੍ਰੀ ਮੁਕਤਸਰ ਨੇ ਵਿਆਹ ਦੀ ਤੀਜੀ ਵਰ੍ਹੇਗੰਢ ਮਨਾਈ

ਕੇਂਦਰੀ-ਪੇਅ ਸਕੇਲ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਕੇਂਦਰੀ ਪੇ-ਸਕੇਲਾਂ ਤੋਂ ਪੀੜਤ ਪੰਜਾਬ ਦੇ ਲਗਭਗ 8 ਵਿਭਾਗਾਂ ਦੀਆਂ ਜਥੇਬੰਦੀਆਂ ਦੁਆਰਾ ਬਣਾਏ ਗਏ ਪੁਰਾਣੇ ਪੰਜਾਬ ਪੇ-ਸਕੇਲ ਬਹਾਲੀ ਸਾਂਝਾ ਫਰੰਟ ਦੇ ਸੱਦੇ 'ਤੇ ਅਤੇ ਹਰਜਿੰਦਰ ਸਿੰਘ 3704 ਅਧਿਆਪਕ ਯੂਨੀਅਨ, ਸੂਬਾ ਕਨਵੀਨਰ, ਯੁੱਧਜੀਤ ਸਿੰਘ ਮਾਸਟਰ ਕੇਡਰ ਯੂਨੀਅਨ 2392, ਸੂਬਾ ਕਨਵੀਨਰ, ਨਵਜੀਵਨ ਸਿੰਘ ਮਲਟੀਪਰਪਜ਼ ਹੈਲਥ ਵਰਕਰ (ਮੇਲ) ਸੂਬਾ ਕਨਵੀਨਰ, ਸ਼ਲਿੰਦਰ ਕੰਬੋਜ਼ 6635 ਈ ਟੀ ਟੀ ਅਧਿਆਪਕ ਯੂਨੀਅਨ ਸੂਬਾ ਕਨਵੀਨਰ, ਅਰਵਿੰਦਰ ਸਿੰਘ ਫਾਰਮੇਸੀ ਅਫ਼ਸਰ ਐਸੋਸੀਏਸ਼ਨ ਸੂਬਾ ਕਨਵੀਨਰ, ਜੈਦੇਵ ਮਨਿਸਟਰੀਅਲ ਸਟਾਫ਼ ਐਸੋਸੀਏਸ਼ਨ ਸੂਬਾ ਕਨਵੀਨਰ, ਸਤਨਾਮ ਸਿੰਘ ਕਲੈਰੀਕਲ ਸਟਾਫ਼ ਸਿੱਖਿਆ ਵਿਭਾਗ ਸੂਬਾ ਕਨਵੀਨਰ, ਡਾ. ਅਮਨ ਅਸਿਸਟੈਂਟ ਪ੍ਰੋਫੈਸਰ ਸਿਹਤ ਵਿਭਾਗ ਪੰਜਾਬ, ਕਨਵੀਨਰ ਪੁਰਾਣੇ ਪੰਜਾਬ ਪੇ-ਸਕੇਲ ਬਹਾਲੀ ਸਾਂਝਾ ਫਰੰਟ ਪੰਜਾਬ ਦੀ ਅਗਵਾਈ ਵਿੱਚ ਪੀੜਤ ਮੁਲਾਜਮਾਂ ਵੱਲੋਂ ਜ਼ਿਲ੍ਹਾ ਆਗੂ ਅੰਜੂ ਸਹਿਗਲ, ਕੁਲਬੀਰ ਸਿੰਘ, ਸੁਨੀਲ ਗਾਂਧੀ ਦੀ ਅਗਵਾਈ ਵਿੱਚ 17.07.2020 ਦੇ ਕੇਂਦਰੀ ਪੇ-ਸਕੇਲ ਦੇ ਨੋਟੀਫਿਕੇਸ਼ਨ ਦੀਆਂ ਸਕੂਲ ਪੱਧਰ 'ਤੇ ਕਾਪੀਆਂ ਸਾੜੀਆਂ ਗਈਆਂ। ਇਸ ਸੰਬੰਧੀ ਜਾਣਕਾਰੀ

ਦਿੰਦਿਆਂ ਸਾਂਝਾ ਫਰੰਟ ਦੇ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 17.07 2020 ਤੋਂ ਬਾਅਦ ਭਰਤੀ ਮੁਲਾਜਮਾਂ ਤੇ ਜੋ ਕੇਂਦਰੀ ਪੇ-ਸਕੇਲ ਲਾਗੂ ਕੀਤੇ ਹਨ ਉਸ ਨਾਲ਼ ਪੰਜਾਬ ਦੇ ਪੇ-ਸਕੇਲਾਂ 'ਤੇ ਭਰਤੀ ਮੁਲਾਜਮਾਂ ਤੇ ਕੇਂਦਰੀ ਪੇ-ਸਕੇਲਾਂ ਤੇ ਭਰਤੀ ਨਵੇਂ ਮੁਲਾਜਮਾਂ ਦੀਆਂ ਤਨਖਾਹਾਂ ਦਾ ਪਾੜਾ ਬਹੁਤ ਵੱਧ ਗਿਆ ਹੈ। ਜਿਸ ਦਾ ਨਵੇਂ ਭਰਤੀ ਮੁਲਾਜਮਾਂ ਨੂੰ ਬਹੁਤ ਆਰਥਿਕ ਨੁਕਸਾਨ ਹੈ। ਇਸ ਦੇ ਨੋਟੀਫਿਕੇਸ਼ਨ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਕੋਲ ਰੋਸ ਵਿਖਾਉਣ ਲਈ ਫਰੰਟ ਵੱਲੋਂ ਕੇਂਦਰੀ ਪੇ-ਸਕੇਲਾਂ ਦੀਆਂ ਸਕੂਲ ਪੱਧਰ 'ਤੇ ਜ਼ਿਲ੍ਹੇ ਭਰ ਵਿੱਚ ਕਾਪੀਆਂ ਸਾੜੀਆਂ ਗਈਆਂ ਇਸ ਮੌਕੇ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਲੈਕਚਰਾਰ ਅਮਰ ਸਿੰਘ, ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੌਟਾਲਾ, ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਅਤੇ ਜੁਆਇੰਟ ਸਕੱਤਰ ਵਿਕਾਸ ਸ਼ਰਮਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਹਨਾਂ ਮੁਲਾਜ਼ਮਾਂ ਤੇ ਜਲਦ ਪੰਜਾਬ ਦੇ ਪੇ -ਸਕੇਲ ਲਾਗੂ ਕੀਤੇ ਜਾਣ ਅਤੇ ਇਹਨਾਂ ਨੂੰ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਇਸ ਮੌਕੇ ਪੀੜਿਤ ਮੁਲਾਜ਼ਮਾਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਉਹਨਾਂ ਤੇ ਪੰਜਾਬ ਦੇ ਪੇ-ਸਕੇਲ ਲਾਗੂ ਨਹੀਂ ਕਰਦੀ ਤਾਂ ਉਹ ਤਿੱਖਾ ਸੰਘਰਸ਼ ਲਾਗੂ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਅਧਿਆਪਕ ਸਾਥੀ ਅੰਗਰੇਜ਼ ਸਿੰਘ, ਬਲਕਾਰ ਸਿੰਘ, ਬੱਬੂ ਸਿੰਘ, ਸੰਦੀਪ ਮਸੀਹ, ਕਾਸ਼ਮ ਅਲੀ ਤੇ ਲਵਜੀਤ ਸਿੰਘ ਹਾਜਰ ਸਨ।

ਸਿਲੰਡਰ ਫਟਣ ਨਾਲ ਘਰ ਦੀਆਂ ਛੱਤਾਂ ਡਿੱਗੀਆਂ, ਸਮਾਨ ਸੜ ਕੇ ਸੁਆਹ

ਗੁਰਾਇਆ (ਰਘਬੀਰ ਸਿੰਘ)

ਗੁਰਾਇਆ ਦੇ ਪਿੰਡ ਧੁਲੇਤਾ ਵਿੱਖੇ ਇੱਕ ਗਰੀਬ ਪਰਵਾਰ ਦੇ ਘਰ ਗੈਸ ਸਿਲੰਡਰ ਫਟਣ ਨਾਲ ਹਾਦਸਾ ਵਾਪਰ ਗਿਆ। ਜਿਸ ਨਾਲ ਉਸ ਦੇ ਘਰ ਦੀਆਂ ਛੱਤਾਂ ਤੱਕ ਉੱਡ ਗਈਆਂ ਅਤੇ ਘਰ 'ਚ ਪਈਆਂ ਸਮਾਨ ਵੀ ਸੜ ਕੇ ਸਵਾਹ ਹੋ ਗਿਆ। ਇਸ ਦੀ ਜਾਣਕਾਰੀ ਦਿੰਦੇ ਹੋਏ ਪੀੜਤ ਜਸਵੀਰ ਜੱਸਾ ਨੇ ਦੱਸਿਆ ਉਹ ਤੇ ਉਸ ਦੀ ਬੇਟੀ ਘਰ 'ਚ ਸਨ। ਉਸਦੀ ਬੇਟੀ ਦੀ ਤਬੀਅਤ ਠੀਕ ਨਹੀਂ ਸੀ ਜਸਵੀਰ ਖੁੱਦ ਚਾਹ ਬਣਾਉਣ ਲਈ ਰਸੋਈ 'ਚ ਗਿਆ ਜਿਸ ਨੇ ਜਿਵੇਂ ਹੀ ਗੈਸ ਚਲਾਇਆ ਤਾਂ ਸਿਲੰਡਰ ਨੂੰ ਅੱਗ ਲੱਗ ਗਈ। ਦੇਖਦੇ ਹੀ ਦੇਖਦੇ ਅੱਗ ਵੱਧ ਗਈ। ਪਿਓ ਧੀ ਨੇ ਘਰੋਂ ਭੱਜ ਕਿ ਆਪਣੀ ਜਾਨ ਬਚਾਈ। ਅੱਗ ਲੱਗਣ ਨਾਲ ਜ਼ੋਰਦਾਰ ਧਮਾਕਾ ਹੋਇਆ। ਰਸੋਈ 'ਚ ਪਿਆ ਫਰਿੱਜ, ਸਿਲੰਡਰ,ਗੈਸ ਚੁੱਲਾ, ਰਾਸ਼ਨ, ਕਮਰੇ 'ਚ ਪਿਆ ਬੈੱਡ,ਕਪੜੇ,ਗੱਦੇ, ਮੋਬਾਇਲ ਫੋਨ ਸੜ ਕੇ ਸਵਾਹ ਹੋ ਗਏ ਅਤੇ ਘਰ ਦੀਆਂ ਛੱਤਾਂ ਵੀ ਡਿੱਗ ਗਈਆਂ। ਉਨ੍ਹਾਂ ਕਿਹਾ ਕਿ ਘਰ ਦੇ ਨਾਲ ਹੀ ਪੁਲਸ ਚੌਕੀ ਹੈ ਜਿੱਥੇ ਉਨ੍ਹਾਂ ਸੂਚਨਾ ਦਿੱਤੀ ਤੇ ਫ਼ਾਇਰ ਬ੍ਰਿਗੇਡ ਨੂੰ ਫੋਨ ਲਈ ਕਿਹਾ ਪਰ ਪੁਲਸ ਮੁਲਾਜ਼ਮ ਨੇ ਕਿਹਾ ਉਸ ਕੋਲ ਨੰਬਰ ਨਹੀਂ ਹੈ। ਜਿਸ ਤੋਂ

ਬਾਅਦ ਕਾਫ਼ੀ ਮਸ਼ਕਤ ਮਗਰੋਂ ਪਿੰਡ ਵਾਸੀਆਂ ਦੀ ਮੱਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ। ਪੀੜਤ ਪਰਵਾਰ ਸਾਈਕਲ 'ਤੇ ਪਿੰਡ ਪਿੰਡ ਜਾ ਕੇ ਗੋਲਗੱਪੇ ਵੇਚ ਕੇ ਗੁਜ਼ਾਰਾ ਕਰਦਾ ਹੈ, ਜੋ ਹੁਣ ਘਰੋਂ ਬੇਘਰ ਹੋ ਗਿਆ ਹੈ।

ਪ੍ਰਸ਼ਾਸਨ ਵੱਲੋਂ ਨੰਬਰਦਾਰਾਂ ਦੀਆਂ 340 ਖਾਲੀ ਅਸਾਮੀਆਂ ਭਰਨ ਦੀ ਤਿਆਰੀ

ਜਲੰਧਰ, (ਸ਼ੈਲੀ ਐਲਬਰਟ)

ਲੋਕਾਂ ਨੂੰ ਰੋਜ਼ਾਨਾਂ ਦੇ ਕੰਮਾਂ ਖਾਸ ਕਰਕੇ ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ ਵਿੱਚ ਸਹੂਲਤ ਪ੍ਰਦਾਨ ਕਰਨ ਲਈ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਸਰਕਲ ਰੈਵੇਨਿਊ ਅਫਸਰਾਂ (ਸੀ.ਆਰ.ਓਜ) ਨੂੰ ਜ਼ਿਲ੍ਹੇ ਵਿੱਚ ਨੰਬਰਦਾਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਭਰਨ ਲਈ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ.ਆਰ.ਓਜ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਜ਼ਿਲ੍ਹੇ ਵਿੱਚ ਨੰਬਰਦਾਰਾਂ ਦੀਆਂ 340 ਅਸਾਮੀਆਂ ਖਾਲੀ ਪਈਆਂ ਹਨ ਅਤੇ ਇਸ ਲਈ ਪ੍ਰਸ਼ਾਸਨ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ, ਖਾਸ ਕਰ ਦਿਹਾਤੀ ਖੇਤਰ ਵਿੱਚ, ਇਨ੍ਹਾਂ ਅਸਾਮੀਆਂ ਨੂੰ ਭਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜਲੰਧਰ-1 ਸਬ ਡਵੀਜਨ ਵਿੱਚ ਨੰਬਰਦਾਰਾਂ ਦੀਆਂ ਕੁੱਲ 41 ਅਸਾਮੀਆਂ ਖਾਲੀ ਹਨ। ਜਲੰਧਰ-2, ਆਦਮਪੁਰ, ਨਕੋਦਰ, ਸ਼ਾਹਕੋਟ ਅਤੇ ਫਿਲੌਰ ਸਬ ਡਵੀਜਨਾਂ ਵਿੱਚ ਕ੍ਰਮਵਾਰ 52, 71, 55, 28 ਅਤੇ 93 ਅਸਾਮੀਆਂ ਖਾਲੀ ਹਨ। ਜਸਪ੍ਰੀਤ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਆਪਣੇ ਰੋਜਾਨਾ ਦੇ ਕੰਮਕਾਜ ਦੌਰਾਨ ਨੰਬਰਦਾਰਾਂ ਦੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ ਅਤੇ ਇਨ੍ਹਾਂ ਦੇ ਆਪੋ-ਆਪਣੀ ਮਾਲ ਅਸਟੇਟ ਵਿੱਚ ਨਾ ਹੋਣ ਕਾਰਨ ਲੋਕਾਂ ਨੂੰ ਮੁਸਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਨੰਬਰਦਾਰ ਵੱਖ-ਵੱਖ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ, ਖਾਸ ਕਰ ਕਈ ਸਰਕਾਰੀ ਸੇਵਾਵਾਂ ਲਈ ਬਿਨੈ ਕਰਨ ਵਾਲੇ ਵਿਅਕਤੀ ਦੀ ਪਛਾਣ ਕਰਨ ਵਿੱਚ; ਇਸ ਤਰ੍ਹਾਂ ਇਨ੍ਹਾਂ ਦੀ ਅਣ-ਉਪਲਬਧਤਾ ਪ੍ਰਸ਼ਾਸਨ ਦੇ ਸੁਚਾਰੂ ਸੰਚਾਲਨ ਦੇ ਨਾਲ-ਨਾਲ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਵੀ ਰੁਕਾਵਟ ਪੈਦਾ ਕਰ ਸਕਦੀ ਹੈ।

ਦਾਖਲਾ ਮੁਹਿੰਮ ਵੈਨ ਦਾ ਬਲਾਕ ਤਖਤਗੜ੍ਹ ਵਿਖੇ ਗਰਮਜੋਸ਼ੀ ਨਾਲ ਸਵਾਗਤ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)

ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਦਾ ਦਾਖਲਾ ਵਧਾਉਣ ਨੂੰ ਲੈ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਆਰੰਭ ਕੀਤੀ ਗਈ। ਦਾਖਲਾ ਮੁਹਿੰਮ ਵੈਨ ਦਾ ਸਿੱਖਿਆ ਬਲਾਕ ਤਖਤਗੜ੍ਹ ਵਿਖੇ ਪਹੁੰਚਣ 'ਤੇ ਪਿੰਡ ਮੁੰਨੇ ਸਥਿਤ ਗੁਰਦੁਆਰਾ ਸਿੰਘ ਸਭਾ ਵਿਖੇ ਬੀ.ਪੀ.ਈ.ਓ. ਝੱਜ ਰਕੇਸ਼ ਕੁਮਾਰ ਰੋੜੀ ਅਤੇ ਬੀ.ਪੀ.ਈ.ਓ. ਤਖਤਗੜ੍ਹ ਸੰਜੀਵ ਕੁਮਾਰ ਦੀ ਅਗਵਾਈ ਹੇਠ ਇਕੱਤਰ ਹੋਏ ਖੇਤਰ ਦੇ ਅਧਿਆਪਕਾਂ ਅਤੇ ਪਿੰਡ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੜ੍ਹੋ ਪੰਜਾਬ ਦੇ ਜ਼ਿਲਾ ਕੋਆਰਡੀਨੇਟਰ ਰਵਿੰਦਰ ਸਿੰਘ ਰੱਬੀ ਨੇ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ 'ਚ ਦਾਖਲ ਬੱਚਿਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਦੱਸਦਿਆਂ ਕਿਹਾ ਕਿ ਸਮੁੱਚੇ ਸੂਬੇ 'ਚ 117 ਸਕੂਲ ਆਫ ਐਮੀਨੈਂਸ ਖੋਲੇ ਜਾ ਰਹੇ ਹਨ ਜਿੱਥੇ ਬੱਚਿਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਮੁਫ਼ਤ ਦਿੱਤੀ ਜਾਵੇਗੀ। ਉਨਾਂ ਦੱਸਿਆ ਕਿ ਇਨਾਂ ਸਕੂਲਾਂ 'ਚ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਮੌਕੇ ਬੀ.ਪੀ.ਈ.ਓ. ਤਖਤਗੜ੍ਹ ਸੰਜੀਵ ਕੁਮਾਰ ਤੇ ਬੀ.ਪੀ.ਈ.ਓ. ਝੱਜ ਰਾਕੇਸ਼ ਕੁਮਾਰ ਰੋੜੀ ਨੇ ਲੋਕਾਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ 'ਚ ਜਿੱਥੇ ਬੱਚਿਆਂ ਨੂੰ ਬਹੁਤ ਹੀ ਤਜ਼ੁੱਰਬੇਕਾਰ ਅਧਿਆਪਕਾਂ ਦੁਆਰਾ ਪੜਾਈ ਕਰਵਾਈ ਜਾ ਰਹੀ ਹੈ ਉੱਥੇ ਹੀ ਸਰਕਾਰ ਵੱਲੋਂ ਬੱਚਿਆਂ ਨੂੰ ਮੁਫਤ ਕਿਤਾਬਾਂ, ਵਰਦੀਆਂ, ਦੁਪਹਿਰ ਦਾ ਭੋਜਨ ਤੇ ਵਜੀਫੇ ਆਦਿ ਸਹਿਤ ਹੋਰ ਵੀ ਅਨੇਕਾਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਸ ਤੋਂ ਉਪਰੰਤ ਸਿੱਖਿਆ ਅਧਿਕਾਰੀਆਂ ਨੇ ਉਕਤ ਦਾਖਲਾ ਮੁਹਿੰਮ ਵੈਨ ਨੂੰ ਹੋਰਨਾਂ ਪਿੰਡਾਂ ਲਈ ਰਵਾਨਾ ਕੀਤਾ। ਜਦਕਿ ਅਧਿਆਪਕਾਂ ਨੂੰ ਸਕੂਲਾਂ 'ਚ ਵਿਦਿਆਰਥੀਆਂ ਦਾ ਦਾਖਿਲਾ ਵਧਾਉਣ ਲਈ ਪਿੰਡਾਂ 'ਚ ਪਹੁੰਚ ਕੇ ਪ੍ਰਚਾਰ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਸੀ.ਐੱਚ.ਟੀ. ਰਾਕੇਸ਼ ਭੰਡਾਰੀ, ਨਰਿੰਦਰਜੀਤ ਸਿੰਘ, ਅਨਾਮਿਕਾ, ਹਰਪਾਲ ਸਿੰਘ, ਰਣਜੀਤ ਸਿੰਘ, ਨੀਰਜ ਸ਼ਰਮਾ, ਜਸਵਿੰਦਰ ਸਿੰਘ ਤੇ ਸੁਰਿੰਦਰ ਕੁਮਾਰ ਸਹਿਤ ਭਾਰੀ ਸੰਖਿਆ 'ਚ ਅਧਿਆਪਕ ਤੇ ਪਿੰਡ ਵਾਸੀ ਹਾਜ਼ਰ ਸਨ।

ਪੁਲਸ ਚੌਕੀ ਦਿਆਲਗੜ੍ਹ ਦਾ ਇੰਚਾਰਜ 5 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਗ੍ਰਿਫਤਾਰ

ਧਾਰੀਵਾਲ, (ਮਨਦੀਪ ਸਿਘ ਵਿੱਕੀ) - ਪੰਜਾਬ ਵਿਜੀਲੈਂਸ ਬਿਊਰੋ ਨੇ ਵੀਰਵਾਰ ਨੂੰ ਬਟਾਲਾ ਪੁਲਸ ਜ਼ਿਲ੍ਹਾ ਵਿੱਚ ਪੈਂਦੀ ਪੁਲਸ ਚੌਕੀ ਦਿਆਲਗੜ੍ਹ ਦੇ ਇੰਚਾਰਜ ਸਹਾਇਕ ਸਬ ਇੰਸਪੈਕਟਰ (ਏ ਐਸ ਆਈ) ਬਲਦੇਵ ਰਾਜ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਅਧਿਕਾਰੀ ਨੂੰ ਗੁਰਪ੍ਰੀਤ ਕੌਰ ਵਾਸੀ ਮਹਿਤਾ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਔਰਤ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪੁਲਸ ਅਧਿਕਾਰੀ ਨੇ ਅਦਾਲਤ ਵਿੱਚ ਉਸ ਦੇ ਹੱਕ ਵਿੱਚ ਗਵਾਹ ਦੇ ਬਿਆਨ ਦਰਜ ਕਰਵਾਉਣ ਲਈ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ ਕਿਉਂਕਿ ਉਸ ਖਿਲਾਫ ਪਹਿਲਾਂ ਹੀ ਪੁਲਸ ਕੇਸ ਦਰਜ ਹੈ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਪੁਲਸ ਅਧਿਕਾਰੀ (ਏ ਐਸ ਆਈ ਬਲਦੇਵ ਰਾਜ) ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤ ਕਰਤਾ ਤੋਂ ਪਹਿਲੀ ਕਿਸ਼ਤ ਵਜੋਂ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ। ਇਸ ਸੰਬੰਧੀ ਏ ਐਸ ਆਈ ਬਲਦੇਵ ਰਾਜ ਖਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਸਰਕਾਰੀ ਸਕੂਲਾਂ 'ਚ ਬੱਚਿਆਂ ਦੇ ਦਾਖਲੇ ਸੰਬੰਧੀ ਵੈਨ ਨੂੰ ਹਲਕਾ ਇੰਚਾਰਜ ਨੇ ਦਿੱਤੀ ਝੰਡੀ

ਫਿਲੌਰ, (ਨਿਰਮਲ)

ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਬੱਚਿਆਂ ਦੇ ਦਾਖਲੇ ਨੂੰ ਸਬੰਧੀ ਮੁਹਿੰਮ ਚਲਾਈ ਗਈ ਹੈ। ਜਿਸ ਸਬੰਧੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਿਲੌਰ ਵਿਖੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਦਾਖਲਾ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਤੇ ਉਨ੍ਹਾਂ ਕਿਹਾ ਕਿ ਇਹ ਵੈਨ ਪਿੰਡ ਪਿੰਡ ਜਾ ਕੇ ਦੇ ਲੋਕਾਂ ਨੂੰ ਜਾਗਰੂਕ ਕਰੇਗੀ ਕਿ ਉਹ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਸਕੂਲ ਵਿੱਚ ਕਰਵਾਉਣ। ਉਨ੍ਹਾਂ ਸਮੂਹ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਦਾਖਲ ਕਰਵਾ ਕੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਲੈਣ। ਇਸ ਮੌਕੇ ਪ੍ਰਿੰਸੀਪਲ ਸੁਸ਼ੀਲਾ ਕੁਮਾਰੀ, ਪ੍ਰਿੰਸੀਪਲ ਰਜਵੰਤ ਸਿੰਘ, ਵੈਭਵ ਸ਼ਰਮਾ ਕੌਂਸਲਰ, ਲਖਵਿੰਦਰ ਰੱਖੇ ਕੌਂਸਲਰ, ਵਰਿੰਦਰ ਸਿੰਘ ਸੈਣੀ, ਸੁਰਿੰਦਰ ਡਾਬਰ, ਜਸਵੀਰ ਸਿੰਘ, ਗੁਰਦੀਪ ਸਿੰਘ, ਹਰਕਮਲ ਸਿੰਘ, ਵਿਜੈ ਕੁਮਾਰ, ਦੀਪਾ ਪੀ ਏ, ਹੀਰਾ ਪਾਈਲਟ